ਸੰਮਤ: ੫੫੮ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

੧ੳ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੨੮ ਵੈਸਾਖ ਸੰਨ ੨੦੨੬ Monday, 11 May

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com



## ਕਿਰਸਾਨੀ ਰਾਜ-ਸੱਤਾ ਦੇ ਪ੍ਰਤੀਕ ਬਾਬਾ ਬੰਦਾ ਸਿੰਘ ਬਹਾਦਰ

ਬਾਬਾ ਬੰਦਾ ਸਿੰਘ ਬਹਾਦਰ ਇਨਕਲਾਬੀ ਚੇਤਨਾ ਨਾਲ ਭਰਪੂਰ, ਮਹਾਨ ਜਰਨੈਲ, ਸੁਯੋਗ ਲੀਡਰ, ਜਥੇਬੰਦਕ ਆਗੂ, ਨਿਪੁੰਨ ਨੀਤੀਵਾਨ, ਪ੍ਰਪੱਕ ਕੁਟਨੀਤਕ, ਪੰਜਾਬ ਦੇ ਕਿਸਾਨੀ ਅੰਦੋਲਨ ਦਾ ਮੁੱਢਲਾ ਸੰਚਾਲਕ ਸੀ । ਬਾਬਾ ਜੀ ਨੇ ਪੰਜਾਬ ਵਿਚ ਮੁਗ਼ਲ ਸਲਤਨਤ ਦੀ ਧੱਕੇਸ਼ਾਹੀ, ਜਬਰ-ਜ਼ੁਲਮ ਤੇ ਲਾਕਾਨੂੰਨੀ ਵਿਰੁੱਧ ਮਜ਼ਲੂਮਾਂ, ਨਿਰੱਥਿਆਂ, ਨਿਆਸਰਿਆਂ, ਭੈਭੀਤ ਹੋਈ ਜਨਤਾ, ਹਾਕਮਾਂ ਦੀ ਅੱਯਾਸ਼ੀ ਦੀ ਲੁੱਟ-ਖਸੁੱਟ ਦਾ ਸਿੱਧਾ ਸ਼ਿਕਾਰ ਹੋ ਚੁੱਕੀ ਕਿਸਾਨੀ ਅਤੇ ਕਿਰਤੀਆਂ ਨੂੰ ਲਾਮਬੰਦ ਕਰ ਕੇ ਬਹੁਤ ਥੋੜ੍ਹੇ ਸਮੇਂ ਵਿਚ ਦਿੱਲੀ ਅਤੇ ਲਾਹੌਰ ਦੇ ਸ਼ਕਤੀਸ਼ਾਲੀ ਕੇਂਦਰਾਂ ਦੇ ਦਰਮਿਆਨ ਆਜ਼ਾਦ ਸੱਤਾ ਸਥਾਪਤ ਕਰ ਕੇ ਸਿੱਕਾ ਚਲਾਇਆ। ਉਹ ਮੁਗ਼ਲ ਰਾਜ, ਮੁਗ਼ਲ ਸਲਤਨਤ ਜਿਸ ਦਾ ਉਸ ਵਕਤ ਕਾਬਲ ਤੋਂ ਲੈ ਕੇ ਅਹਿਮਦਨਗਰ ਦੱਖਣ ਤਕ, ਪੂਰਬ ਵਿਚ ਬੰਗਾਲ ਤੋਂ ਲੈ ਕੇ ਪੱਛਮ ਵਿਚ ਗੁਜਰਾਤ, ਸਿੰਧ ਤਕ ਪੂਰੇ ਹਿੰਦੁਸਤਾਨ ਉੱਪਰ ਦਬਦਬਾ ਸੀ ਤੇ ਉਸ ਦੀ ਰਾਜਧਾਨੀ ਦਿੱਲੀ ਸੀ। ਪੰਜਾਬ ਵਿਚ ਕਿਸਾਨੀ ਨੂੰ ਜਥੇਬੰਦ ਕਰਕੇ ਆਪਣੀ ਰਾਜਸੱਤਾ ਕਾਇਮ ਕਰਨਾ ਬਾਬਾ ਬੰਦਾ ਸਿੰਘ ਬਹਾਦਰ ਦੀ ਪ੍ਰਬੰਧਕੀ, ਫੌਜੀ, ਸਮਾਜਿਕ ਅਤੇ ਮਨੋਵਿਗਿਆਨਕ ਸੂਝ ਦੀ ਸਪਸ਼ਟ ਉਦਾਹਰਣ ਹੈ। ਸੂਬਾ ਸਰਹਿੰਦ ਜਿਸ ਦੇ ਤਹਿਤ ਸੁਨਾਮ, ਸਮਾਣਾ, ਸਨੌਰ, ਸਢੌਰਾ ਬਹੁਤ ਵੱਡੇ ਤਜ਼ਾਰਤੀ ਅਤੇ ਮਾਲੀਏ ਦੇ ਕੇਂਦਰ ਸਨ, ਨੂੰ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਮਾਜ ਵਿਚ ਸਮੇਂ ਦੀ ਹਕੂਮਤ ਦੀ ਧੱਕੇਸ਼ਾਹੀ ਅਤੇ ਲੁੱਟ-ਖਸੁੱਟ ਵਿਰੁੱਧ ਫੈਲ ਰਹੇ ਰੋਹ ਤੇ ਰੋਸ ਨੂੰ ਸਥਾਪਤ ਨਿਜ਼ਾਮ ਨੂੰ ਜੜ੍ਹੋਂ ਉਖਾੜਨ ਦੇ ਵਿਰੁੱਧ ਵਰਤਿਆ। ਇਹ ਉਹ ਸਮਾਂ ਸੀ ਜਦੋਂ ਰਾਜਸੱਤਾ ਤਕ ਜਨਤਾ ਦੀ ਕੋਈ ਸੁਣਵਾਈ ਨਹੀਂ ਸੀ। ਸੱਚਾਈ ਨੂੰ ਕੋਈ ਨਹੀਂ ਸੁਣਦਾ ਸੀ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਵਾ ਦੇਣਾ ਸਮੇਂ ਦੀ ਹਕੂਮਤ ਦੇ ਜ਼ੁਲਮ ਅਤੇ ਲਾਕਾਨੂੰਨੀ ਦਾ ਸਿਖਰ ਸੀ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹੀ ਬੋਲ਼ੀ ਹਕੂਮਤ ਨੂੰ ਜਗਾਉਣ ਲਈ ਕਿਰਤੀਆਂ, ਕਿਸਾਨਾਂ ਤੇ ਇਨਸਾਫਪਸੰਦ ਸ਼ਕਤੀਆਂ ਨੂੰ ਇਕੱਤਰ ਕਰਕੇ ਖਾਲਸਾ ਪੰਥ ਦੀ ਸਾਜਨਾ ਕਰਕੇ ਸੰਘਰਸ਼ ਅਰੰਭਿਆ ਸੀ। ਰਾਜਸੱਤਾ ਨੇ ਮਾਸੂਮ ਬੱਚਿਆਂ ਨੂੰ ਨੀਹਾਂ ਵਿਚ ਚਿਣਵਾ ਕੇ ਜ਼ੁਲਮ ਦੀ ਇੰਤਹਾ ਦਿਖਾ ਦਿੱਤੀ ਸੀ। ਪੰਜਾਬੀਆਂ ਦਾ ਸੁਭਾਅ ਹੈ ਕਿ ਉਹ ਜ਼ੁਲਮ ਜ਼ਿਆਦਾ ਦੇਰ ਤਕ ਨਹੀਂ ਸਹਿੰਦੇ। ਇੰਨੇ ਜਬਰ ਤੋਂ ਬਾਅਦ ਉਨ੍ਹਾਂ ਵਿਚ ਰੋਹ ਤੇ ਵਿਦਰੋਹ ਮੌਜੂਦ ਸੀ ਪਰ ਇਸ ਦੇ ਪ੍ਰਗਟਾਵੇ ਲਈ ਬਾਬਾ ਬੰਦਾ ਸਿੰਘ ਜਿਹੇ ਆਗੂ ਦੀ ਲੋੜ ਸੀ। ਇਹੀ ਰੋਹ ਤੇ ਵਿਦਰੋਹ ਹੀ ਤਾਂ ਸੀ ਜਿਸ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਸੂਬਾ ਸਰਹਿੰਦ ਨੂੰ ਸੋਧਣ ਲਈ ਵਰਤਿਆ।ਬਾਬਾ ਬੰਦਾ ਸਿੰਘ ਬਹਾਦਰ ਅਕਤੂਬਰ ੧੭੦੮ ਈ: ਵਿਚ ਨਾਂਦੇੜ ਤੋਂ ਚੱਲਿਆ ਅਤੇ ਮਈ ੧੭੧੦ ਈ: ਨੂੰ ਚੱਪੜਚਿੜੀ ਦੇ ਮੈਦਾਨ ਵਿਚ ਸੂਬਾ ਸਰਹਿੰਦ ਨੂੰ ਸ਼ਿਕਸ਼ਤ ਦੇ ਕੇ ਸਰਹਿੰਦ ਵਿਚ ਦਾਖਲ ਹੋਇਆ। ਸਰਹਿੰਦ ਵਿਚ ਦੋਖੀਆਂ ਨੂੰ ਸਜ਼ਾਵਾਂ ਦੇ ਕੇ ਸਿੱਖ ਰਾਜ ਦੀ ਕਾਇਮੀ ਦਾ ਐਲਾਨ ਕੀਤਾ। ਸਰਹਿੰਦ ਦੇ ਕਿਲ੍ਹੇ ਵਿਚ ਜਿਥੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਿਆ ਗਿਆ ਸੀ ਇਕ ਭਾਰੀ ਦੀਵਾਨ ਸਜਾ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖ ਰਾਜ ਦੀ ਸਥਾਪਨਾ ਦਾ ਐਲਾਨ ਕੀਤਾ। "" ਬਾਬਾ ਬੰਦਾ ਸਿੰਘ ਬਹਾਦਰ ਨੇ ਯੁੱਧਨੀਤੀ ਦੇ ਪੱਖ ਤੋਂ ਮੁਖ਼ਲਿਸਗੜ ਨੂੰ ਲੋਹਗੜ੍ਹ ਦਾ ਨਾਂ ਦੇ ਕੇ ਆਪਣੀ ਰਾਜਧਾਨੀ ਬਣਾਇਆ। ਉਸ ਨੂੰ ਪਤਾ ਸੀ ਕਿ ਸਰਹਿੰਦ ਮੁੱਖ ਮਾਰਗ 'ਤੇ ਹੋਣ ਕਰਕੇ ਸੁਰੱਖਿਅਤ ਨਹੀਂ ਜਦ ਕਿ ਲੋਹਗੜ੍ਹ ਪਹਾੜੀ ਖੇਤਰ ਵਿਚ ਸੀ ਜਿਥੇ ਪਹੁੰਚਣ ਵਾਲੇ ਰਾਹ ਵਿਚ ਖੇਡਾਂ ਤੇ ਚਟਾਨਾਂ ਸਨ। ਉਸ ਨੇ ਸਿੱਖ ਰਾਜ ਦਾ ਝੰਡਾ, ਸਿੱਕਾ ਅਤੇ ਮੋਹਰਾਂ ਬਣਾਈਆਂ। ਬਾਬਾ ਬੰਦਾ ਸਿੰਘ ਬਹਾਦਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੰਕਲਪ ਨੂੰ ਅੱਗੇ ਵਧਾਇਆ। ਉਸ ਵਿਰੁੱਧ ਨਿਰਮੂਲ ਅਤੇ ਆਧਾਰਹੀਣ ਕਹਾਣੀਆਂ ਜੋ ਮੁਗ਼ਲਈ ਹਕੂਮਤ ਦੇ ਪਿੱਠੂ ਇਤਿਹਾਸਕਾਰਾਂ, ਉਸ ਤੋਂ ਬਾਅਦ ਅਣਭੋਲ ਲਿਖਾਰੀਆਂ ਨੇ ਫੈਲਾਈਆਂ ਹਨ ਇਸ ਦੇ ਦੋ ਮੰਤਵ ਸਨ। ਇਕ ਤਾਂ ਸਿੱਖਾਂ ਦੀ ਵਧ ਰਹੀ ਸ਼ਕਤੀ ਨੂੰ ਖੋਰਾ ਲਾਉਣਾ ਅਤੇ ਦੂਸਰਾ, ਲੋਕ-ਉਭਾਰ ਨੂੰ ਰੋਕ ਕੇ ਸਥਾਪਤ ਪ੍ਰਬੰਧ ਨੂੰ ਹੋਰ ਲੰਮੇਰਾ ਕਰਨਾ। ਇਸ ਦੇ ਨਾਲ ਹੀ ਇਸ ਪ੍ਰਚਾਰ ਦਾ ਮੰਤਵ ਸਿੱਖ ਸੰਘਰਸ਼ ਵਿਚ ਫੁੱਟ ਪੈਦਾ ਕਰਨਾ ਸੀ ਜਿਸ ਵਿਚ ਮੁਗ਼ਲ ਸਲਤਨਤ ਕਾਫੀ ਹੱਦ ਤਕ ਕਾਮਯਾਬ ਵੀ ਹੋਈ ਜਿਵੇਂ ਕਿ ਅੱਜ ਵੀ ਰਾਜ-ਸੱਤਾ ਆਪਣੀਆਂ ਗਲਤੀਆਂ ਨੂੰ ਛੁਪਾਉਣ ਲਈ ਲੋਕ-ਸੰਘਰਸ਼ ਨੂੰ ਕੁਚਲਣ ਲਈ ਬਹੁਤ ਵੱਡੀਆਂ ਸਾਜ਼ਿਸ਼ਾਂ ਤੇ ਛੜਯੰਤਰ ਰਚਦੀ ਹੈ, ਜਿਸ ਦੇ ਫਲਸਰੂਪ 'ਬੰਦਈ' ਤੇ 'ਤੱਤ ਖਾਲਸਾ` ਦੇ ਰੂਪ ਵਿਚ ਦੋ ਦਲ ਸਾਹਮਣੇ ਆਏ।ਬਾਬਾ ਬੰਦਾ ਸਿੰਘ ਬਹਾਦਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਹੁਕਮਾਂ ਅਨੁਸਾਰ ਕਾਰਜ ਕੀਤਾ। ਉਸ ਵੱਲੋਂ ਜਾਰੀ ਕੀਤੇ ਗਏ ਸਿੱਕੇ ਅਤੇ ਮੋਹਰਾਂ ਉੱਪਰ ਲਿਖੀ ਇਬਾਰਤ ਇਸ ਦੀ ਪੁਸ਼ਟੀ ਕਰਦੀ ਹੈ। ਸਿੱਕੇ ਉੱਪਰ ਇਕ ਪਾਸੇ ਲਿਖਿਆ ਸੀ:"ਸਿੱਕਾ ਜ਼ਦ ਬਰ ਹਰ ਦੋ ਆਲਮ ਤੇਗਿ ਨਾਨਕ ਵਾਹਿਬ ਅਸਤ ਫ਼ਤਿਹ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ ਫ਼ਜ਼ਲਿ ਸੱਚਾ ਸਾਹਿਬ ਅਸਤ"ਇਸ ਦਾ ਅਰਥ ਹੈ: ਮੈਂ ਦੁਨੀਆਂ ਭਰ ਵਾਸਤੇ ਸਿੱਕਾ ਜਾਰੀ ਕੀਤਾ ਹੈ। ਇਹ ਗੁਰੂ ਨਾਨਕ ਸਾਹਿਬ ਦੀ ਬਖਸ਼ਿਸ਼ ਹੈ। ਮੈਨੂੰ ਸ਼ਾਹਾਂ ਦੇ ਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘਜੀ ਨੇ ਜਿੱਤ ਬਖਸ਼ੀ ਹੈ। ਇਹ ਸੱਚੇ ਸਾਹਿਬ ਦੀ ਮਿਹਰ ਹੈ। ਸਿੱਕੇ ਦੇ ਦੂਸਰੇ ਪਾਸੇਦੀ ਇਬਾਰਤ ਇਸ ਤਰ੍ਹਾਂ ਸੀ:"ਜ਼ਰਬ-ਬ-ਅਮਾਨੁ-ਦਹਿਰ, ਮੁਸੱਵਰਤ ਸ਼ਹਿਰ,ਜ਼ੀਨਤ-ਤਖਤ ਮੁਬਾਰਕ ਬਖਤ"ਇਸ ਦਾ ਅਰਥ ਹੈ: ਜਾਰੀ ਹੋਇਆ ਸੰਸਾਰ ਦੇ ਸ਼ਾਂਤੀ ਅਸਥਾਨ, ਸ਼ਹਿਰਾਂ ਦੀ ਮੂਰਤ ਧੰਨਭਾਗੀ ਰਾਜਧਾਨੀ ਤੋਂ।ਸਰਕਾਰੀ ਕੰਮਾਂ ਲਈ ਬਣਾਈ ਮੋਹਰ ਦੇ ਫ਼ਾਰਸੀ ਸ਼ਬਦ ਇਸ ਤਰ੍ਹਾਂ ਸਨ:"ਦੇਗੋ ਤੇ ਫ਼ਤਿਹ ਓ ਨੁਸਰਤਿ ਬੇ-ਦਿਰੰਗ ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ"ਅਰਥ ਹੈ: ਮੈਨੂੰ ਦੇਗ਼ ਤੇਗ਼ ਫਤਹਿ ਤੇ ਸਫਲਤਾ ਇਕਦਮ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਤੋਂ ਪ੍ਰਾਪਤ ਹੋਈ ਹੈ।ਇਨ੍ਹਾਂ ਭਾਵਾਂ ਨੂੰ ਰੱਖਣ ਵਾਲਾ ਵਿਅਕਤੀ ਗੁਰੂ-ਆਸ਼ੇ ਦੇ ਉਲਟ ਕਿਸ ਤਰ੍ਹਾਂ ਜਾ ਸਕਦਾ ਹੈ? ਇਸ ਵੇਲੇ ਬੰਦਈ ਸਿੱਖਾਂ ਦੀ ਗਿਣਤੀ ਬਹੁਤ ਘੱਟ ਹੈ, ਪਰ ਬੰਦਈ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਛੁੱਟ ਕੋਈ ਧਰਮ ਪੁਸਤਕ ਨਹੀਂ ਮੰਨਦੇ ਅਰ ਸਾਰੇ ਸੰਸਕਾਰ ਗੁਰਮਤਿ ਅਨੁਸਾਰ ਕਰਦੇ ਹਨ।ਸਰਕਾਰੀ ਤੰਤਰ ਨੇ ਖਾਲਸਾ ਪੰਥ ਵਿਚ ਆਪਣੀਆਂ ਚਾਲਾਂ ਨਾਲ ਫੁੱਟ ਪੁਆ ਦਿੱਤੀ ਸੀ। ਬਾਬਾ ਬੰਦਾ ਸਿੰਘ ਬਹਾਦਰ ਨੂੰ ਬਦਨਾਮ ਕਰਨ ਲਈ ਹਰ ਹੀਲਾਵਰਤਿਆ।ਬੰਦਾ ਸਿੰਘ ਬਹਾਦਰ ਦੀ ਬਹਾਦਰੀ ਅਤੇ ਆਚਰਣਕ ਉੱਚਤਾ ਦੇ ਪ੍ਰਮਾਣ ਉਸ ਦੀਆਂ ਲੜਾਈਆਂ ਅਤੇ ਸ਼ਾਹੀ ਫੌਜਾਂ ਦੇ ਘੇਰੇ ਵਿੱਚੋਂ ਬਚ ਨਿਕਲਣ ਦੀਆਂ ਘਟਨਾਵਾਂ ਤੋਂ ਉਭਰ ਕੇ ਸਾਹਮਣੇ ਆਉਂਦਾ ਹੈ। ਲਸ਼ਕਰ ਵੱਲੋਂ ਲੋਹਗੜ੍ਹ ਦੀ ਘੇਰਾਬੰਦੀ ਵਿੱਚੋਂ ਬਾਬਾ ਬਾਬਾ ਬੰਦਾ ਸਿੰਘ ਬਹਾਦਰ ਬਚ ਕੇ ਨਿਕਲ ਗਏ। ਇਸ ਬਾਰੇ ਫੌਜਾਂ ਨੂੰ ਬਹੁਤ ਬਾਅਦ ਵਿਚ ਪਤਾ ਲੱਗਿਆ। ਇਸ ਨਾਕਾਮੀ ਤੋਂ ਬਾਦਸ਼ਾਹ ਆਪਣੇ ਜਰਨੈਲਾਂ 'ਤੇ ਬਹੁਤ ਖਫ਼ਾ ਹੋਇਆ। ਇਸ ਨਾਲ ਬਾਬਾ ਜੀ ਦੀ ਬਹਾਦਰੀ ਅਤੇ ਜਾਦੂਗਰ ਹੋਣ ਦੀ ਮਿੱਥ ਵੀ ਕਾਇਮ ਹੋ ਗਈ ਸੀ, ਜੋ ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਵੀ ਕਿਸੇ ਨਾ ਕਿਸੇ ਰੂਪ ਵਿਚ ਕਾਇਮ ਰਹੀ।ਲੋਹਗੜ੍ਹ ਨੂੰ ਛੱਡਣ ਤੋਂ ਪਿੱਛੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਪਹਾੜੀ ਇਲਾਕੇ ਵਿਚ ਰਹਿ ਕੇ ਆਪਣੀ ਸ਼ਕਤੀ ਇਕੱਤਰ ਕੀਤੀ। ਬਾਬਾ ਜੀ ਨੇ ਮੰਡੀ ਅਤੇ ਚੰਬੇ ਦੇ ਰਾਜਿਆਂ ਤੋਂ ਨਜ਼ਰਾਨੇ ਲਏ ਅਤੇ ਚੰਬੇ ਹੀ ਬਾਬਾ ਜੀ ਨੇ ਸ਼ਾਦੀ ਕਰਵਾਈ। ਆਪ ਨੇ ਕਲਾਨੌਰ ਅਤੇ ਬਟਾਲਾ 'ਤੇ ਹਮਲੇ ਕੀਤੇ ਅਤੇ ਆਪਣੇ ਅਧੀਨ ਕਰ ਲਏ। ਇਸੇ ਸਮੇਂ ਦੌਰਾਨ ਬਾਦਸ਼ਾਹ ਬਹਾਦਰ ਸ਼ਾਹ ਦੀ ਫਰਵਰੀ ੧੭੧੨ ਈ: ਵਿਚ ਮੌਤ ਹੋਗਈ। ਅਗਲੇ ਬਾਦਸ਼ਾਹ ਜਹਾਂਦਾਰਸ਼ਾਹ ਦੇ ਸਮੇਂ ਬਾਬਾ ਜੀ ਨੇ ਹੋਰ ਸ਼ਕਤੀ ਹਾਸਲ ਕਰਕੇ ਸਰਹਿੰਦ, ਸਢੌਰਾ ਅਤੇ ਲੋਹਗੜ੍ਹ 'ਤੇ ਦੁਬਾਰਾ ਕਬਜ਼ਾ ਕਰ ਲਿਆ, ਪਰ ਇਹ ਕਬਜ਼ਾ ਥੋੜ੍ਹਾ ਸਮਾਂ ਰਿਹਾ ਕਿਉਂਕਿ ਦਿੱਲੀ ਦੇ ਤਖ਼ਤ 'ਤੇ ਹੁਣ ਫ਼ਰੁਖਸੀਅਰ ਬੈਠ ਚੁੱਕਾ ਸੀ ਜਿਸ ਨੇ ਬਾਬਾ ਜੀ ਉੱਪਰ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ । ਸ਼ਾਹੀ ਲਸ਼ਕਰ ਦੇ ਦਬਾਅ ਹੇਠ ਬਾਬਾ ਜੀ ਸਰਹਿੰਦ ਛੱਡ ਕੇ ਚਲੇ ਗਏ ਤੇ ਕਸ਼ਮੀਰ ਦੇ ਇਲਾਕੇ 'ਚ ਰਹਿਣ ਲੱਗੇ। ਇਸ ਤਰ੍ਹਾਂ ਦੇ ਕਈ ਬ੍ਰਿਤਾਂਤ ਬਾਬਾ ਬੰਦਾ ਸਿੰਘ ਬਹਾਦਰ ਦੇ ਯੁੱਧਨੀਤਕ ਪੈਂਤੜਿਆਂ ਨੂੰ ਦਰਸਾਉਂਦੇ ਹਨ ।ਗੁਰਦਾਸ ਨੰਗਲ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਜਦੋਂ ਸ਼ਾਹੀ ਫੌਜਾਂ ਨੇ ਘੇਰ ਲਿਆ ਤਾਂ ਉਹ ਬਹੁਤ ਸਮਾਂ ਸਾਧਨਾਂ ਦੀ ਘਾਟ ਵਿਚ ਹੀ ਸ਼ਾਹੀ ਫੌਜਾਂ ਦਾ ਟਾਕਰਾ ਕਰਦੇ ਰਹੇ। ਜਦੋਂ ਖਾਣਾ-ਦਾਣਾ ਖ਼ਤਮ ਹੋ ਗਿਆ ਤਾਂ ਵੀ ਸ਼ਾਹੀ ਫੌਜਾਂ ਦੇ ਜਰਨੈਲਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਛਲ-ਕਪਟ ਨਾਲ ਹੀ ਗ੍ਰਿਫਤਾਰ ਕੀਤਾ ਪਰ ਉਸ ਅਵਸਥਾ ਵਿਚ ਵੀ ਬਾਬਾ ਜੀ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਨੇ ਕੋਈ ਕਮਜ਼ੋਰੀ ਨਹੀਂ ਦਿਖਾਈ ਸਗੋਂ ਬੜੀ ਸਿਦਕਦਿਲੀ ਨਾਲ ਜ਼ੁਲਮ ਤੇ ਤਸ਼ੱਦਦ ਨੂੰ ਝੱਲਿਆ । ਬਾਬਾ ਜੀ ਨੂੰ ਪਿੰਜਰੇ ਵਿਚ ਬੰਦ ਕਰਕੇ ਦਿੱਲੀ ਲਿਜਾਇਆ ਗਿਆ ਜਿਥੇ ਸਖ਼ਤ ਤਸੀਹੇ ਦਿੱਤੇ ਗਏ ਅਤੇ ਇਸਲਾਮ ਕਬੂਲ ਕਰਨ ਲਈ ਦਬਾਅ ਪਾਇਆ ਗਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਬਹੁਤ ਦਲੇਰੀ ਨਾਲ ਸ਼ਹਾਦਤ ਨੂੰ ਮਨਜ਼ੂਰ ਕੀਤਾ।੯ ਜੂਨ ਸੰਨ ੧੭੧੬ ਈ: ਨੂੰ ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਹੀਦ ਕਰਨ ਲਈ ਕਿਲ੍ਹੇ 'ਚੋਂ ਬਾਹਰ ਕੱਢਿਆ ਗਿਆ। ਆਪ ਨੂੰ ਸੰਗਲਾਂ ਅਤੇ ਬੇੜੀਆਂ ਨਾਲ ਨੜ ਕੇ ਪਿੰਜਰੇ ਵਿਚ ਬੰਦ ਕੀਤਾ ਹੋਇਆ ਸੀ। ਕਤਲਗਾਹ 'ਤੇ ਲਿਜਾ ਕੇ ਆਪ ਨੂੰ ਪਿੰਜਰੇ ਵਿੱਚੋਂ ਬਾਹਰ ਕੱਢਿਆ ਗਿਆ ਅਤੇ ਉਨ੍ਹਾਂ ਦੇ ਚਾਰ ਸਾਲਾਂ ਦੇ ਪੁੱਤਰ ਅਜੈ ਸਿੰਘ ਨੂੰ ਉਨ੍ਹਾਂ ਦੀ ਗੋਦ ਵਿਚ ਬਿਠਾ ਕੇ ਜਲਾਦ ਨੇ ਮਾਸੂਮ ਬਾਲ ਦੇ ਟੋਟੇ-ਟੋਟੇ ਕਰ ਦਿੱਤੇ ਅਤੇ ਉਸ ਦਾ ਦਿਲ ਕੱਢ ਕੇ ਬਾਬਾ ਜੀ ਦੇ ਮੂੰਹ ਵਿਚ ਪਾਇਆ ਗਿਆ। ਬਾਬਾ ਜੀ ਦੀ ਸ਼ਹਾਦਤ ਇਕ ਮਿਸਾਲ ਹੈ। ਜਲਾਦ ਨੇ ਪਹਿਲਾਂ ਉਨ੍ਹਾਂ ਦੀ ਖੱਬੀ ਅੱਖ ਕੱਢੀ, ਫਿਰ ਸੱਜੀ ਅੱਖ ਕੱਢੀ, ਇਸ ਤੋਂ ਪਿੱਛੋਂ ਆਪ ਦੀ ਖੱਬੀ ਲੱਤ ਕੱਟ ਦਿੱਤੀ ਗਈ, ਫਿਰ ਦੋਵੇਂ ਬਾਹਵਾਂ ਕੱਟ ਦਿੱਤੀਆਂ ਗਈਆਂ। ਸੱਜੀ ਲੱਤ ਕੱਟਣ ਤੋਂ ਬਾਅਦ ਗਰਮ ਜਮੂਰਾਂ ਨਾਲ ਉਨ੍ਹਾਂ ਦਾ ਮਾਸ ਨੋਚਿਆ ਗਿਆ ਪਰ ਸਿਦਕਦਿਲੀ ਦੀ ਸਿਖਰ ਹੀ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਬਿਲਕੁਲ ਅਡੋਲ ਰਹੇ। ਉਨ੍ਹਾਂ ਦੇ ਨੱਕ, ਕੰਨ ਵੀ ਕੱਟ ਦਿੱਤੇ ਗਏ। ਉਨ੍ਹਾਂ ਦਾ ਸਿਰ ਹਥੌੜਿਆਂ ਨਾਲ ਭੰਨਿਆ ਗਿਆ ਤੇ ਰਹਿੰਦੇ ਸਰੀਰ ਦੇ ਟੋਟੇ ਕੀਤੇ ਗਏ । ਅਜਿਹੀ ਤਸੀਹਾਜਨਕ ਸ਼ਹਾਦਤ ਘੱਟ ਹੀ ਦ੍ਰਿਸ਼ਟੀਗੋਚਰ ਹੁੰਦੀ ਹੈ। ਉਹ ਇੰਨੇ ਤਸੀਹੇ ਝੱਲ ਕੇ ਆਪਣੇ ਧਰਮ ਅਤੇ ਸਿਦਕ 'ਤੇ ਕਾਇਮ ਰਹੇ, ਇਤਨਾ ਹੀ ਨਹੀਂ ਸਗੋਂ ਉਨ੍ਹਾਂ ਦਾ ਕੋਈ ਵੀ ਸਾਥੀ ਆਪਣੇ ਅਕੀਦੇ ਤੋਂ ਨਹੀਂ ਡੋਲਿਆ ਸੀ।ਬਾਬਾ ਬੰਦਾ ਸਿੰਘ ਬਹਾਦਰ ਜੀ ਬਾਰੇ ਸ੍ਰੀ ਗੋਕਲ ਚੰਦ ਨਾਰੰਗ ਦਾ ਇਹ ਕਥਨ ਪੂਰੀ ਤਰ੍ਹਾਂ ਦਲੀਲ ਯੁਕਤ ਜਾਪਦਾ ਹੈ ਕਿ, "ਜਿਨ੍ਹਾਂ ਲੋਕਾਂ ਨੇ ਗੁਰੂ ਸਾਹਿਬਾਨ ਦਾ ਨਾਮ ਨਹੀਂ ਸੀ ਸੁਣਿਆ, ਉਹ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ ਦੁਆਰਾ ਪ੍ਰਾਪਤ ਹੋਈ ਸ਼ਾਨ ਤੋਂ ਪ੍ਰਭਾਵਿਤ ਹੋ ਕੇ ਹਜ਼ਾਰਾਂ ਦੀ ਗਿਣਤੀ ਵਿਚ ਉਸ ਨਾਲ ਮਿਲ ਗਏ। ਉਸ ਦੀ ਨਿੱਜੀ ਆਕਰਸ਼ਣ ਸ਼ਕਤੀ ਵੀ ਬੜੀ ਸੀ ਅਤੇ ਇਸ ਨੇ ਉਸ ਦੇ ਅਨੁਯਾਈਆਂ ਨੂੰ ਉਸ ਨਾਲ ਪੱਕੀ ਤਰ੍ਹਾਂ ਜੋੜ ਦਿੱਤਾ ਸੀ। ਇਸ ਤੱਥ ਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ ਮੁਗ਼ਲ ਸਰਕਾਰ ਦੁਆਰਾ ਫੜੇ ਅਤੇ ਕਤਲ ਕੀਤੇ ਗਏ ਹਜ਼ਾਰਾਂ ਸਿੱਖਾਂ ਵਿੱਚੋਂ ਇਕ ਨੇ ਵੀ ਆਪਣੀ ਜਾਨ ਬਚਾਉਣ ਲਈ ਧਰਮ ਨਾ ਛੱਡਿਆ, ਬੰਦੇ (ਬਾਬਾ ਬੰਦਾ ਸਿੰਘ ਬਹਾਦਰ) ਦੀ ਆਪਣੀ ਬੇਮਿਸਾਲ ਪਵਿੱਤਰਤਾ ਅਤੇ ਉੱਚਾ ਚਰਿੱਤਰ ਉਤਨਾ ਵੱਡਾ ਕਾਰਨ ਹੀ ਸੀ ਜਿਤਨਾ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰੇਰਨਾ।"-ਪੰਜਾਬ ਦੀ ਕਿਸਾਨੀ ਨੂੰ ਪਹਿਲੀ ਵਾਰ ਭੋਇੰ ਦੀ ਮਾਲਕੀ ਸੌਂਪ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਇਨਕਲਾਬੀ ਕਾਰਜ ਕੀਤਾ। ਬਾਬਾ ਬੰਦਾ ਸਿੰਘ ਬਹਾਦਰ ਨੇ ਸਦੀਆਂ ਤੋਂ ਕਾਇਮ ਜ਼ਿਮੀਂਦਾਰੀ ਪ੍ਰਥਾ ਨੂੰ ਖ਼ਤਮ ਕਰ ਕੇ ਹਲਵਾਹਕਾਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ, ਜਿਸ ਨਾਲ ਕਿਸਾਨਾਂ ਦੀ ਆਰਥਿਕ ਹਾਲਤ ਵਿਚ ਸੁਧਾਰ ਹੋਇਆ ਅਤੇ ਕਿਸਾਨ ਬਾਬਾ ਜੀ ਦੇ ਹਮਾਇਤੀ ਬਣੇ। ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਤਬਦੀਲੀਆਂ ਵਿਚ ਇਹ ਬਹੁਤ ਵੱਡਾ ਕਦਮ ਸੀ ਜੋ ਬਾਬਾ ਬੰਦਾ ਸਿੰਘ ਬਹਾਦਰ ਨੇ ਪੱਟਿਆ। ਇਹ ਲੋਕ-ਹਿਤੈਸ਼ੀ ਰਾਜ ਦੀ ਕਾਇਮੀ ਵੱਲ ਜਾਂਦਾ ਸੀ। ਇਸ ਉੱਪਰ ਹੀ ਸਿੱਖ ਮਿਸਲਾਂ ਕਾਇਮ ਹੋਈਆਂ ਜੋ ਸਿੱਖ ਗਣਰਾਜ ਦਾ ਨਮੂਨਾ ਸੀ। ਇਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦਾ ਸ਼ਕਤੀਸ਼ਾਲੀ ਰਾਜ ਕਾਇਮ ਹੋਇਆ। ਪੰਜਾਬ ਦੇ ਜੱਟਾਂ ਵੱਲੋਂ ਸ਼ਕਤੀ ਗ੍ਰਹਿਣ ਕਰਨ ਨੂੰ ਪ੍ਰਸਿੱਧ ਸ਼ਾਇਰ ਵਾਰਸ ਸ਼ਾਹ ਨੇ ਵੀ ਤਸਲੀਮ ਕੀਤਾ ਹੈ:ਜਦੋਂ ਦੇਸ਼ ਦੇ ਜੱਟ ਸਰਦਾਰ ਹੋਏ, ਘਰੋ ਘਰੀ ਜਾ ਨਵੀਂ ਬਹਾਰ ਹੋਈ।ਪੰਜਾਬ ਵਿਚ ਜੱਟਾਂ ਨੂੰ ਇਹ ਸਰਦਾਰੀਆਂ ਦਰਅਸਲ ਬਾਬਾ ਬੰਦਾ ਸਿੰਘ ਬਹਾਦਰ ਦੀ ਬਹਾਦਰੀ ਦੀ ਬਦੌਲਤ ਹੀ ਪ੍ਰਾਪਤ ਹੋਈਆਂ ਸਨ। ਕਿਉਂਕਿ 'ਮੁਗ਼ਲ ਸਾਸ਼ਨ ਵਿਚ ਬੇਨਾਮੀ ਵਾਹੀ ਆਮ ਸੀ। ਵਾਹੀ ਕੋਈ ਹੋਰ ਕਰਦਾ ਸੀ ਤੇ ਜ਼ਮੀਨ ਦਾ ਮਾਲਕ ਕੋਈ ਹੋਰ ਹੁੰਦਾ ਸੀ ਪਰ ਬਾਬਾ ਬੰਦਾ ਸਿੰਘ ਬਹਾਦਰ ਦੇ ਰਾਜ ਵਿਚ ਵਾਹੀ ਕਰਨ ਵਾਲਿਆਂ ਨੂੰ ਜ਼ਮੀਨ ਦਾ ਮਾਲਕ ਘੋਸ਼ਿਤ ਕਰ ਦਿੱਤਾ ਗਿਆ। ਸਿੱਖ ਮਤ ਦੇ ਸਿਧਾਂਤ ਤੇ ਮਰਯਾਦਾ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਵੀ ਅਹੁਦੇ ਅਤੇ ਸਰਦਾਰੀਆਂ ਦਿੱਤੀਆਂ ਅਤੇ ਉਨ੍ਹਾਂ ਨੂੰ ਵੀ ਆਪਣੇ ਸਮਰਥਕ ਬਣਾ ਲਿਆ। ਕੁਝ ਮੁਸਲਮਾਨ ਇਤਿਹਾਸਕਾਰਾਂ ਨੇ ਤੁਅੱਸਬ ਦੇ ਕਾਰਨ ਬਾਬਾ ਬੰਦਾ ਸਿੰਘ ਬਹਾਦਰ ਨੂੰ ਨਿਰਦਈ ਤੇ ਅਤਿਆਚਾਰੀ ਵਜੋਂ ਪੇਸ਼ ਕੀਤਾ ਹੈ, ਪਰ ਅਸਲ ਵਿਚ ਉਨ੍ਹਾਂ ਦਾ ਪ੍ਰਸ਼ਾਸਨ ਮਨੁੱਖ ਜਾਤੀ ਦਾ ਹਿਤੂ ਸੀ। ਅ ਇਹ ਬਾਬਾ ਬੰਦਾ ਸਿੰਘ ਬਹਾਦਰ ਦੀ ਰਾਜਨੀਤਿਕ, ਸਭਿਆਚਾਰਕ, ਆਰਥਿਕ ਤੇ ਸਮਾਜਿਕ ਦੂਰ-ਦ੍ਰਿਸ਼ਟੀ ਦੀ ਗਵਾਹੀ ਦਿੰਦਾ ਹੈ।ਮੁਗ਼ਲ ਸਲਤਨਤ ਦੇ ਢਹਿ-ਢੇਰੀ ਹੋਣ 'ਤੇ ਪੰਜਾਬ ਦੀ ਕਿਸਾਨੀ ਦੇ ਰਾਜਸੱਤਾ ਵੱਲ ਨੂੰ ਵਧਣ ਬਾਰੇ ਪ੍ਰਸਿੱਧ ਸੂਫੀ ਫਕੀਰ ਸਾਈਂ ਬੁੱਲ੍ਹੇ ਸ਼ਾਹ ਦੀ ਰਚੀ ਤੇ ਲੋਕ-ਕਹਾਵਤ ਦਾ ਰੂਪ ਬਣ ਚੁੱਕੀ ਇਹ ਉਕਤੀ ਮਸ਼ਹੂਰ ਹੈ:"ਭੂਰਿਆਂ ਵਾਲੇ ਰਾਜੇ ਕੀਤੇ ਮੁਗ਼ਲਾਂ ਜ਼ਹਿਰ ਪਿਆਲੇ ਪੀਤੇ। "ਪੰਜਾਬ ਦੇ ਕਿਸਾਨ ਜੋ ਸਿੱਖ ਸੰਘਰਸ਼ ਵਿਚ ਸ਼ਾਮਲ ਹੋਏ ਸਨ ਤੇ ਉਸ ਵੇਲੇ ਭੁਰਿਆਂ ਦੀ ਬੁੱਕਲ ਮਾਰ ਕੇ ਘੋੜਿਆਂ 'ਤੇ ਸਵਾਰ ਰਹਿੰਦੇ ਸਨ। ਅਜਿਹਾ ਲੋਕ-ਹਿਤੈਸ਼ੀ ਵਿਅਕਤੀ ਨਿਰਦਈ ਨਹੀਂ ਹੋ ਸਕਦਾ, ਜਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਪ੍ਰਚਾਰਿਆ ਗਿਆ ਹੈ ਕਿ ਉਹ ਜ਼ਾਲਮ ਤੇ ਤੁਅੱਸਬੀ ਸੀ ਅਤੇ ਉਸ ਨੇ ਮੁਸਲਮਾਨਾਂ ਦੀਆਂ ਕਬਰਾਂ ਤਕ ਫਰੋਲੀਆਂ ਸਨ । ਉਸ ਨੇ ਤਾਂ ਸਿਰਫ਼ ਬੀਬੀ ਅਨੂਪ ਕੌਰ ਦੀ ਦੇਹ ਨੂੰ ਮਲੇਰਕੋਟਲਾ ਵਿਖੇ ਕਬਰ 'ਚੋਂ ਕਢਵਾ ਕੇ ਸਿੱਖ ਮਰਯਾਦਾ ਅਨੁਸਾਰ ਸੰਸਕਾਰ ਕਰਾਇਆ ਸੀ, ਹੋਰ ਕਬਰਾਂ ਜਾਂ ਮਕਬਰੇ ਨਹੀਂ ਤੋੜੇ ਸਨ।ਇਸ ਦਾ ਸਬੂਤ ਸਰਹਿੰਦ ਅਤੇ ਉਸ ਦੇ ਆਲੇ-ਦੁਆਲੇ ਸਦੀਆਂ ਪੁਰਾਣੀਆਂ ਕਬਰਾਂ, ਮਕਬਰੇ, ਖਾਨਗਾਹਾਂ ਅਤੇ ਦਰਗਾਹਾਂ ਅੱਜ ਵੀ ਮੌਜੂਦ ਹਨ।ਉਕਤ ਮੰਥਨ ਤੋਂ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਬਾਬਾ ਬੰਦਾ ਸਿੰਘ ਬਹਾਦਰ ਇਕ ਸੁਯੋਗ ਪ੍ਰਬੰਧਕ ਅਤੇ ਕਿਰਸਾਨੀ ਰਾਜਸੱਤਾ ਦੇ ਪ੍ਰਤੀਕ ਸਨ, ਜੋ ਉਨ੍ਹਾਂ ਨੇ ਗੁਰੂ ਆਸ਼ੇ ਅਨੁਸਾਰ ਕਾਇਮ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੇ ਚਰਿੱਤਰ ਅਤੇ ਜੀਵਨ ਬਾਰੇ ਆਧੁਨਿਕ ਪ੍ਰਸੰਗ ਵਿਚ ਹੋਰ ਖੋਜ ਕਰਨ ਦੀ ਲੋੜ ਹੈ। ਤਾਂ ਜੋ ਉਨ੍ਹਾਂ ਬਾਰੇ ਪਾਈਆਂ ਗਈਆਂ ਕ੍ਰਾਂਤੀਆਂ ਨੂੰ ਦੂਰ ਕੀਤਾ ਜਾ ਸਕੇ।

ਹਵਾਲੇ ਤੇ ਟਿੱਪਣੀਆਂ:੧. ਸੁਰਜੀਤ ਸਿੰਘ ਪੰਛੀ, ਬੰਦਾ ਸਿੰਘ ਬਹਾਦਰ, ੨. ਗੁਰ ਸ਼ਬਦ ਰਤਨਾਕਰ ਮਹਾਨਕੋਸ਼, ਸਫ਼ਾ ੫੭੩.,3. ਸ੍ਰੀ ਗੋਕਲ ਚੰਦ ਨਾਰੰਗ, ਸਿੱਖ ਮੱਤ ਦਾ ਪਰਿਵਰਤਨ, ਸਫ਼ਾ ੧੨੩.,੪. ਸ. ਗੁਰਦਿਆਲ ਸਿੰਘ ਆਰਿਫ, ਜਨ ਸਾਹਿਤ, ਜੂਨ ਨਵੰਬਰ,ਸਫਾ ੩੯.

**-ਡਾ. ਭਗਵੰਤ ਸਿੰਘ**

# ਕਬਿੱਤ ਸਵੈਯੇ




ਭਾਈ ਗੁਰਦਾਸ ਜੀ ਅਤੇ ਉਹਨਾਂ ਦੀਆਂ ਰਚਨਾਵਾਂ ਦਾ ਸਿੱਖ ਧਰਮ ਅਤੇ ਸਿੱਖ ਇਤਿਹਾਸ ਵਿਚ ਵਡਮੁੱਲਾ ਯੋਗਦਾਨ ਹੈ। ਆਪ ਜੀ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਤਕ ਚਾਰ ਗੁਰੂ ਪਾਤਸ਼ਾਹਾਂ ਦੇ ਦਰਸ਼ਨ ਦੀਦਾਰ ਕਰਕੇ ਉਹਨਾਂ ਦੀਆਂ ਰੱਬੀ ਸਖਸ਼ੀਅਤਾਂ ਤੋਂ ਪ੍ਰਭਾਵਿਤ ਹੋਏ। ਸਿੱਖ ਧਰਮ ਦੇ ਪ੍ਰਚਾਰ ਤੇ ਪਾਸਾਰ ਵਿਚ ਕਾਫੀ ਯੋਗਦਾਨ ਪਾਇਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬੀੜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਦੇਖ-ਰੇਖ ਅਧੀਨ 1604 ਈ: ਵਿਚ ਤਿਆਰ ਕੀਤੀ।ਭਾਈ ਗੁਰਦਾਸ ਜੀ ਨੇ ਪੰਜਾਬੀ ਭਾਸ਼ਾ ਵਿਚ ਵਾਰਾਂ ਲਿਖੀਆਂ ਅਤੇ ਬ੍ਰਜ ਅਤੇ ਪੰਜਾਬੀ ਵਿਚ ਹੀ ਕਬਿੱਤ ਸਵੈਯੇ ਅਤੇ ਸੰਸਕ੍ਰਿਤ ਵਿਚ ਸਲੋਕ ਰਚੇ। ਸੰਸਕ੍ਰਿਤ ਸਲੋਕਾਂ ਦੀ ਕੁਲ ਗਿਣਤੀ 6 ਹੈ ਜੋ ਅਨੁਸ਼ਟੁਪ ਛੰਦ-ਜਾਤਿ ਵਿਚ ਲਿਖੇ ਹਨ। ਇਹਨਾਂ ਦਾ ਅਧਿਐਨ ਅਸੀਂ ਸਰੋਤ ਮਹਾਕਵੀ ਸੰਤੋਖ ਸਿੰਘ ਰਚਿਤ "ਗੁਰਪ੍ਰਤਾਪ ਸੂਰਜ ਗ੍ਰੰਥ ਦੀ 7ਵੀਂ ਰਾਸ (ਅੰਸੂ 4, 51) ਵਿੱਚੋਂ ਕਰ ਸਕਦੇ ਹਾਂ।ਭਾਈ ਗੁਰਦਾਸ ਜੀ ਨੂੰ ਪੰਜਾਬੀ, ਸੰਸਕ੍ਰਿਤੀ, ਅਰਬੀ, ਫਾਰਸੀ ਤੇ ਬ੍ਰਜ ਭਾਸ਼ਾਵਾਂ ਤੋਂ ਇਲਾਵਾ ਕਈ ਹੋਰ ਭਾਰਤੀ ਉੱਪਭਾਸ਼ਾਵਾਂ ਦਾ ਗਿਆਨ ਸੀ। ਭਾਈ ਸਾਹਿਬ ਦੇ ਕਬਿੱਤ ਸਵੈਯੇ ਬਹੁਤ ਹੀ ਮਹੱਤਵਪੂਰਨ ਰਚਨਾ ਹੈ। ਪਰੰਤੂ ਇਸ ਗ੍ਰੰਥ ਦਾ ਸੰਪੂਰਨ ਸੰਗ੍ਰਹਿ ਕਿਸੇ ਇਕ ਜਗ੍ਹਾ ਤੇ ਉਪਲੱਬਧ ਨਹੀਂ। ਵੱਖ-ਵੱਖ ਹੱਥ ਲਿਖਤ ਖਰੜੇ ਆਗਰਾ, ਭਾਸ਼ਾ ਵਿਭਾਗ ਪੰਜਾਬ-ਪਟਿਆਲਾ, ਖ਼ਾਲਸਾ ਕਾਲਜ ਅੰਮ੍ਰਿਤਸਰ ਆਦਿ ਵਿੱਚ ਮੌਜੂਦ ਹਨ। ਕਬਿੱਤ ਸਵੈਯੇ ਦੇ ਟੀਕੇ ਵੀ ਵੱਖ-ਵੱਖ ਵਿਦਵਾਨਾਂ ਦੁਆਰਾ ਕੀਤੇ ਗਏ ਮਿਲਦੇ ਹਨ ਜਿਵੇਂ ਭਾਈ ਬਿਸ਼ਨ ਸਿੰਘ, ਸਿਧਾਂਤ ਬੋਧਿਨੀ: ਟੀਕਾ ਕਬਿੱਤ ਭਾਈ ਗੁਰਦਾਸ ਜੀ ਕ੍ਰਿਤ ਸ੍ਰੀਮਾਨ ਸੰਤ ਸੰਪੂਰਨ ਸਿੰਘ ਜੀ, ਪੰਡਤ ਨਰੈਣ ਸਿੰਘ ਜੀ ਗਿਆਨੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਈ ਵੀਰ ਸਿੰਘ ਜੀ, ਭਾਈ ਸੇਵਾ ਸਿੰਘ ਜੀ, ਸਿੰਘ ਸਾਹਿਬ ਗਿਆਨੀ ਮਨੀ ਸਿੰਘ ਜੀ ਆਦਿ।ਇਹ ਸਵੈਯੇ ਭਾਈ ਸਾਹਿਬ ਨੇ ਕਦੋਂ ਲਿਖੇ, ਇਸ ਬਾਰੇ ਮਤ-ਭੇਦ ਹਨ। ਸਵੈਯੇ ਇਕ ਹੀ ਸਮੇਂ, ਇਕੋ ਸਥਾਨ ਉੱਤੇ ਰਚਿਤ ਨਹੀਂ ਹਨ ਕਿਉਂਕਿ ਇਹਨਾਂ ਵਿਚ ਅਧਿਆਤਮਿਕ ਅਨੁਭਵ ਦੇ ਵੱਖ-ਵੱਖ ਸਿਧਾਂਤ ਹਨ। ਜਿਹੜੇ ਸਵੈਯੇ ਵਿਆਖਿਆ ਦਰਸਾਉਂਦੇ ਹਨ ਉਹ ਗੁਰਮਤਿ ਸਿਧਾਂਤਾਂ ਨੂੰ ਸਪਸ਼ਟ ਕਰਦੇ ਹਨ ਜਿਨ੍ਹਾਂ ਵਿਚ ਅਨੁਭਵ ਹੈ ਉਹ ਭਾਈ ਸਾਹਿਬ ਦਾ ਆਪਣਾ ਨਿੱਜੀ-ਅਨੁਭਵ ਹੈ ਜੋ ਉਹਨਾਂ ਨੇ ਕਿਸੇ ਨਾ ਕਿਸੇ ਢੰਗ ਤਰੀਕੇ ਨਾਲ ਪ੍ਰਗਟਕੀਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਟੀਕਾ ਕੀਤੇ ਸਵੈਯਾਂ ਅਨੁਸਾਰ ਇਹਨਾਂ ਦੀ ਗਿਣਤੀ 556 ਹੈ ਤੇ ਭਾਈ ਵੀਰ ਸਿੰਘ ਨੇ ਗਿਣਤੀ 675 ਦੱਸੀ ਹੈ। ਕਬਿੱਤ ਸਵੈਯੇ ਦਾ ਆਰੰਭ ਮੰਗਲਾਚਰਨ ਤੋਂ ਹੈ। ਇਹਨਾਂ ਵਿਚ ਪ੍ਰਭੂ ਦਾ ਨਿਰਗੁਣ-ਸਰਗੁਣ ਸਰੂਪ ਸਪਸ਼ਟ ਹੈ।ਨਿਰਗੁਨ ਸਰਗੁਨ ਅਬਿਗਤਿ ਨ ਗਹਨ-ਗਤਿ ਸੂਖਮ ਸਥੂਲ ਮੂਲ ਪੂਰਨ ਬ੍ਰਹਮ ਹੈ ।। (੧੫੩)ਰਚਨ ਚਰਿਤ੍ਰ ਚਿਤ੍ਰ ਬਿਸਮ ਬਚਿਤ੍ਰ-ਪਨ, ਏਕ ਮੈ ਅਨੇਕ ਭਾਂਤਿ ਅਨਿਕ ਪ੍ਰਕਾਰ ਹੈ। (੨੩੨)ਅਜਿਹੇ ਸਰਗੁਣ-ਨਿਰਗੁਣ ਪ੍ਰਭੂ ਨੂੰ ਗੁਰ-ਸ਼ਬਦ ਦੁਆਰਾ ਸੰਗਤ ਵਿੱਚੋਂ ਹੀ ਜਾਣਿਆ ਜਾ ਸਕਦਾ ਹੈ।ਗੁਰਮਤਿ ਦੀ ਮਤਿ ਅਪਨਾਉਣ ਸਦਕਾ ਦੈਵੀ ਗਿਆਨ ਬੁੱਧੀ ਵਿਚ ਪ੍ਰਵੇਸ਼ ਕਰਦਾ ਹੈ, ਅਗਿਆਨਤਾ ਦੂਰ ਹੋ ਜਾਂਦੀ ਹੈ। ਸ਼ਾਂਤੀ ਮਿਲਦੀ ਹੈ, ਮਨੁੱਖ ਸ਼ੁੱਧ ਸੋਨੇ ਵਾਂਗੂ ਸ਼ਾਂਤ ਹੋ ਜਾਂਦਾ ਹੈ, ਅੰਦਰੋਂ ਦਵੈਤ-ਭਾਵਨਾ ਮਿਟ ਜਾਂਦੀ ਹੈ। ਮਨ ਚੰਚਲ ਬਿਰਤੀ ਤੋਂ ਸ਼ਾਂਤ ਅਤੇ ਅਡੋਲ ਬਿਰਤੀ ਵਾਲਾ ਬਣ ਜਾਂਦਾ ਹੈ। ਗੁਰਮਤਿ ਧਾਰਨ ਕੀਤਿਆਂ ਸਾਧ-ਸੰਗਤ ਦਾ ਰਸ ਮਾਣਨ ਸਦਕਾ ਮਨੁੱਖ ਸਹਜ, ਸੰਤੋਖ, ਮੁਕਤੀ, ਦਇਆ, ਨਿਮਰਤਾ, ਪਰਉਪਕਾਰ, ਸੱਚ ਆਦਿਕ ਗੁਣਾਂ ਨੂੰ ਧਾਰਨ ਕਰਦਾ ਹੈ।ਦੁਰਮਤਿ ਗੁਰਮਤਿ ਸੰਗਤਿ ਅਸਾਧ ਸਾਧ, ਕਾਮ-ਚੇਸਟਾ ਸੰਜੋਗ, ਜਤ ਸਤਵੰਤ ਹੈ।। ਕ੍ਰੋਧ ਕੇ ਬਿਰੋਧ ਬਿਖੈ, ਸਹਜ ਸੰਤੋਖ ਮੋਖ, ਲੋਭ ਲਹਰੰਤਰ, ਧਰਮ ਧੀਰ ਜੰਤ ਹੈ।। ਮਾਇਆ ਮੋਹ ਦੋਹ ਕੈ, ਅਰਥ ਪ੍ਰਮਾਰਥ ਸੈ, ਅਹੰਮੇਵ ਟੇਵ, ਦਇਆ ਦ੍ਰਵੀਭੂਤ ਸੰਤ ਹੈ।।ਦੁਕ੍ਰਿਤ ਸੁਕ੍ਰਿਤ ਚਿਤ, ਮਿਤ੍ਰ ਸਤ੍ਰਤਾ ਸੁਭਾਵ, ਪਰਉਪਕਾਰ ਅਉ ਬਿਕਾਰ ਮੂਲ ਮੰਤ ਹੈ।। (੧੨੨)ਗੁਰਸਿੱਖ ਸਤਿਗੁਰੂ ਤੋਂ ਵਿਛੜ ਕੇ ਤੜਫਦਾ ਹੈ। ਪ੍ਰੀਤਮ ਪਿਆਰੇ ਦੇ ਮਿਲਾਪ ਲਈ ਹਾਰ ਸ਼ਿੰਗਾਰ ਫਜ਼ੂਲ ਹਨ, ਕੇਵਲ ਪ੍ਰਿਆ ਪ੍ਰੇਮ-ਰਸ ਪੀਣ ਨਾਲ ਹੀ ਸੰਜੋਗ ਪ੍ਰਾਪਤ ਹੋ ਸਕਦਾ ਹੈ। ਕਬਿੱਤ ਸਵੈਯੇ ਵਿੱਚ ਪ੍ਰੀਤਮ-ਪਿਆਰੇ ਦੇ ਬਿਰਹਾ ਦੇ ਵਿਛੋੜੇ ਵਿਚ ਤੜਫਦੀ ਜੀਵ-ਇਸਤਰੀ ਦੀਆਂ ਦੁਖੀ ਤਰੰਗਾਂ ਬਿਆਨ ਹਨ।ਬਿਰਹ ਦਾਵਾਨਲ ਪ੍ਰਗਟੀ ਨ ਤਨ ਬਨ ਬਿਖੈ, ਅਸਨ ਬਸਨ ਤਾ ਮੈ ਘ੍ਰਿਤ ਪਰਜਾਰਿ ਹੈ।।ਪ੍ਰਥਮ ਪ੍ਰਕਾਸੇ ਧੂਮ ਅਤਿ ਹੀ ਦੁਸਹਾ ਦੁਖ, ਤਾਹੀ ਤੇ ਗਗਨ ਘਨ ਘਟਾ ਅੰਧਕਾਰ ਹੈ।ਭਭਕ ਭਭੂਕੇ ਹੁਏ ਪ੍ਰਕਾਸਿਓ ਹੈ ਅਕਾਸ ਸਸਿ, ਤਾਰਿਕਾ ਮੰਡਲ ਚਿਨਗਾਰੀ ਚਮਕਾਰ ਹੈ।।ਕਾ ਸਿਓ ਕਹਉ ਕੈਸੇ ਅੰਤਕਾਲ, ਬ੍ਰਿਥਾਵੰਤ ਗਤਿ ਮੋਹਿ ਦੁਖ, ਸੋਈ ਸੁਖਦਾਈ ਸੰਸਾਰ ਹੈ।। (੬੬੮)ਮਨ ਨੂੰ ਕਾਬੂ ਕਰਨਾ ਬਹੁਤ ਔਖਾ ਹੈ। ਮਨ ਚੰਚਲ, ਬਲਵਾਨ, ਸੁਝਵਾਨ, ਚਪਲ ਅਤੇ ਬਿਜਲੀ ਵਾਂਗ ਫੁਰਤੀਲਾ ਹੁੰਦਾ ਹੈ। ਹਰ ਵਕਤ ਇਧਰ-ਉਧਰ ਘੁੰਮਦਾ ਰਹਿੰਦਾ ਹੈ ਪਰੰਤੂ ਇਹ ਮਨ ਗੁਰ ਮੰਤਰ ਦੀ, ਨਾਮ ਰਾਹੀਂ ਕਮਾਈ ਕੀਤਿਆਂ ਸਥਿਰ ਹੋ ਜਾਂਦਾ ਹੈ। ਜੋ ਮਨੁੱਖ ਅਜਿਹਾ ਕਰ ਲੈਂਦਾ ਹੈ ਉਹ ਆਪ ਤਾਂ ਤਰਦਾ ਹੈ ਹੋਰਨਾਂ ਨੂੰ ਵੀ ਤਾਰਦਾ ਹੈ।ਮਨ ਨੂੰ ਨਾ ਸਾਧਣ ਵਾਲੇ ਅੰਤ ਸਮੇਂ ਪਛਤਾਉਂਦੇ ਹਨ।ਮਾਇਆ ਬੰਧ ਧੰਧ ਬਿਖੈ ਆਵਧ ਬਿਹਾਇ ਜਾਇ ਗੁਰ-ਉਪਦੇਸ ਹੀਨ ਪਾਛੈ ਪਛੁਤਾਵਈ।। (੨੩੪)ਅਕਾਲ ਪੁਰਖ ਦੇ ਨਿਰਗੁਣ ਸਰੂਪ ਸਤਿਗੁਰੂ, ਗੁਰਮੁਖ, ਗੁਰਸਿੱਖ, ਗੁਰਮਤਿ, ਦਸਮ ਦੁਆਰ, ਅਨਹਦ ਸ਼ਬਦ, ਪ੍ਰੀਤਮ ਮਿਲਾਪ, ਵਿਛੋੜਾ, ਸਾਧ-ਸੰਗਤ, ਚੰਗੀ-ਮੰਦੀ ਸੰਗਤ, ਕਥਨੀ-ਕਰਣੀ, ਮਾਇਆ, ਮਨ, ਪੂਜਾ, ਦਾਨ, ਗ੍ਰਿਹਸਤ, ਮਨੁੱਖਾ-ਜਨਮ, ਅੰਤ ਸਮਾਂ, ਆਪਣੀ ਨਿਮਰਤਾ ਤੇ ਨਿੱਜੀ ਵਿਛੋੜਾ, ਗੁਰਸਿੱਖ ਅਤੇ ਦੇਵ-ਪੂਜ, ਹੁਕਮ, ਜੀਵਨ-ਮੁਕਤ, ਹਉਮੈ, ਨਾਮ-ਸਿਮਰਨ, ਸੇਵਾ, ਭਗਤੀ, ਕਰਮ ਆਦਿਕ ਦਾ ਕਬਿੱਤ ਸਵੈਯਾਂ ਵਿਚ ਭਾਈ ਗੁਰਦਾਸ ਜੀ ਨੇ ਵਰਣਨ ਕੀਤਾ ਹੈ। ਇਹਨਾਂ ਸਿਧਾਂਤਾਂ ਦਾ ਵਰਣਨ ਕਰਨ ਲਈ ਪੌਰਾਣਿਕ ਹਵਾਲੇ, ਦ੍ਰਿਸ਼ਟਾਂਤਾਂ, ਉਪਮਾਵਾਂ ਆਦਿਕ ਅਤੇ ਚਿੰਨ੍ਹਾਂ ਦਾ ਪ੍ਰਯੋਗ ਵੀ ਕੀਤਾ ਹੈ। ਜਿਵੈਂਜੈਸੇ ਧੋਬੀ ਸਾਬਨ ਲਗਾਇ ਪੀਟੈ ਪਾਥਰ ਸੈ, ਨਿਰਮਲ ਕਰਤ ਹੈ ਬਸਨ ਮਲੀਨ ਕਉ।।ਤੈਸੇ ਗੁਰ ਸਿਖਨ ਦਿਖਾਇ ਕੈ ਬ੍ਰਿਥਾ ਬਿਬੇਕ, ਮਾਇਆ ਮਲ ਕਾਟਿ ਕਰੈ ਨਿਜ ਪਦ ਚੀਨ ਕਉ ।। (੬੧੪)ਭਾਈ ਗੁਰਦਾਸ ਜੀ ਦੇ ਗੁਰਸਿੱਖਾਂ ਲਈ ਕਬਿੱਤ ਸਵੈਯਾਂ ਵਿਚ ਦਿੱਤੇ ਸਿਧਾਂਤਾਂ ਜਿਵੇਂ ਪੂਰਨ ਬ੍ਰਹਮ ਵਾਹਿਗੁਰੂ ਹੀ ਹੈ ਬਾਰੇ ਸਪਸ਼ਟ ਕਰਦੇ ਹਨ।ਸਤਿਗੁਰ ਸਤਿ ਸਤਿਗੁਰ ਕੋ ਸਬਦੁ ਸਤਿ ਸਤਿ ਸਾਧ ਸੰਗਤਿ ਹੈ, ਗੁਰਮੁਖਿ ਜਾਨੀਐ।ਸਤਿ ਰੂਪ ਸਤਿ ਨਾਮ ਸਤਿਗੁਰ ਗਿਆਨ ਧਿਆਨ, ਕਾਮ ਨਿਹਕਾਮ ਉਨਮਨ ਉਨਮਾਨੀਐ। (੧੫੧)ਇਕ ਗੁਰਸਿਖ, ਸਤਿਗੁਰੂ ਦੀ ਚਰਨ-ਸ਼ਰਨ ਤੇ ਸਾਧੂ ਸਤਸੰਗੀਆਂ ਦੀ ਸੰਗਤਿ ਵਿਚ ਹੀ ਆਪਣੇ ਨਿੱਜ ਸਰੂਪ ਨੂੰ ਪਛਾਣਦਾ ਹੈ ਅਤੇ ਸੱਚਾ-ਸੁਖ ਪ੍ਰਾਪਤ ਕਰਦਾ ਹੈ।ਆਦਿ ਅੰਤ ਬਿਸਮਾਦ, ਫਲ ਦਮ ਗੁਰ ਸਿਖ ਸੰਧ ਗਤਿ।। ਆਦਿ ਪਰਮ ਪਰਮਾਦਿ, ਅੰਤ ਅਨੰਤ ਨ ਜਾਨਿਐ।। (੧੯)ਭਾਈ ਗੁਰਦਾਸ ਜੀ ਨੇ ਗ੍ਰਹਿਸਤੀ ਧਰਮ ਨੂੰ ਉੱਚਾ ਦੱਸਿਆ ਹੈ। ਇਸ ਬਿਨਾ ਛੁਟਕਾਰਾ ਨਹੀਂ । ਗ੍ਰਹਿਸਤ ਧਰਮ ਕਾਰਨ ਹੀ ਚਹੁੰ ਵਰਨਾਂ, ਚਹੁੰ ਆਸ਼ਰਮਾਂ ਆਦਿਕ ਦੀ ਹੋਂਦ ਕਾਇਮ ਹੈ।ਗਿਆਨਨ ਮੈ ਗਿਆਨ ਅਰੁ ਧਿਆਨਨ ਮੈ ਧਿਆਨ ਗੁਰ ਸਕਲ ਧਰਮ ਮੈ ਗ੍ਰਿਹਸਤ ਪ੍ਰਧਾਨ ਹੈ। (੩੭੬)ਕਬਿੱਤ ਸਵੈਯੇ ਵਿਚ ਦਰਜ ਹੈ ਕਿ ਜੇ ਕੋਈ ਭੁਲਾ-ਭਟਕਿਆ ਮਨੁੱਖ ਅੰਤ ਸਮੇਂ ਵੀ ਆਪਣੀ ਸੁਰਤ ਨਾਮ-ਸਿਮਰਨ ਨਾਲ ਜੋੜ ਲਵੇ ਤਾਂ ਪ੍ਰਭੂ ਬਖਸ਼ੰਦ ਹੈ। ਗੁਰੂ ਸਾਹਿਬ ਦਾ ਆਦੇਸ਼ ਹੈ ਕਿ ਅੰਮ੍ਰਿਤ ਵੇਲੇ ਦੀ ਮਹਾਨਤਾ ਨੂੰ ਸਮਝਦਿਆਂ ਹੋਇਆਂ ਮਨੁੱਖਾ ਜਨਮ ਜੋ ਅਨੇਕਾਂ ਜੂਨਾਂ ਵਿਚ ਭਟਕਣ ਤੋਂ ਬਾਅਦ ਨਸੀਬ ਹੋਇਆ ਹੈ। ਇਹ ਅਮੋਲਕ ਹੈ, ਨਾਮ-ਸਿਮਰਨ ਨਾਲ ਜੁੜੇ ਨਹੀਂ ਤਾਂ ਅੰਤ ਨੂੰ ਜਮਪੁਰੀ ਜਾਵੇਗਾ।ਚਹੂੰ ਓਰ ਸੋਰ ਕੈ ਪਾਹਰੂਆ ਪੁਕਾਰ ਹਾਰੇ, ਚਾਰੋ ਜਾਮ ਸੋਵਤੇ ਅਚੇਤ ਨ ਲਜਾਇ ਹੈ।। ਤਮਚੁਰ ਸਬਦ ਸੁਨਤ ਹੀ ਉਘਾਰ ਆਂਖੋਂ, ਬਿਨ ਪ੍ਰਿਯ ਪ੍ਰੇਮ ਰਸ ਪਾਛੈ ਪਛਤਾਇ ਹੈ।। (੬੫੭)ਬਦਤਾ ਬਿਆਜ ਕਾਜ ਗਨਤ ਅਵਧ ਬੀਤੀ, ਗੁਰੂ ਉਪਦੇਸ ਬਿਨੁ ਜਮਪੁਰ ਜਾਤ ਹੈ।। (੨੪੧)ਸਵੈਯਾਂ ਵਿਚ ਇਹ ਵੀ ਸਪਸ਼ਟ ਕੀਤਾ ਹੈ ਕਿ ਗੁਰ-ਉਪਦੇਸ਼ਾਂ ਨੂੰ ਹਿਰਦੇ ਵਿਚ ਵਸਾ ਕੇ ਅਪਨਾਉਣਾ ਚਾਹੀਦਾ ਹੈ। ਨਿਰਾ ਲਿਖਣ, ਸੁਣਨ ਤੇ ਕਹਿਣ ਨਾਲ ਗੁਰੂ ਦੀ ਮਤ ਨਹੀਂ ਆਉਂਦੀ। ਕਰਣੀ/ਕਥਨੀ ਇੱਕੋ ਜਿਹੀ ਹੋਣੀ ਚਾਹੀਦੀ ਹੈ। ਨਾਮ-ਸਿਮਰਨ ਦੀ ਕਮਾਈ ਸਦਕਾ ਹੀ ਦਸਮ ਦੁਆਰ ਵਿਚ ਜੋਤਿ ਦਾ ਪ੍ਰਕਾਸ਼ ਹੁੰਦਾ ਹੈ।ਤੈਸੇ ਲਿਖੇ ਸੁਨੇ ਕਹੇ ਪਾਈਐ ਨਾ ਗੁਰਮਤਿ, ਜਉ ਲਉ ਗੁਰ ਸਬਦ ਕੀ ਸੁਜੁਗਤਿ ਨ ਲਾਖੀਐ।। (੫੮੪)ਭਾਈ ਗੁਰਦਾਸ ਜੀ ਨੇ ਸੱਚੇ ਗੁਰੂ ਦੇ ਦਰ ਤੋਂ ਭਟਕ ਰਹੇ ਸਿੱਖਾਂ ਨੂੰ ਹੋਰਨਾਂ ਕਲਪਿਤ ਦੇਵੀ-ਦੇਵਤਿਆਂ ਦੀ ਪੂਜਾ-ਅਰਾਧਨਾ ਤੋਂ ਮੋੜਨ ਲਈ 441 ਤੋਂ 492 ਤਕ 52 ਕਬਿੱਤਾਂ ਰਾਹੀਂ ਉਪਦੇਸ਼ ਦਿੱਤੇ ਹਨ ਜਿਵੇਂ ਸਿੱਖ ਨੂੰ ਦਵੈਤਾਂ ਵਿਚ ਨਹੀਂ ਫਸਣਾ ਚਾਹੀਦਾ, ਫੋਕਟਕਰਮ ਨਹੀਂ ਕਰਨੇ ਚਾਹੀਦੇ। ਪੂਰੇ ਸਤਿਗੁਰ ਤੋਂ ਬਗੈਰ ਕਿਸੇ ਦੇਵੀ-ਦੇਵਤੇ ਤੋਂ ਸੱਚਾ ਗਿਆਨ ਧਿਆਨ ਪ੍ਰਾਪਤ ਕਰਨ ਦੀ ਆਸ ਰੱਖਣੀ ਮੂਰਖਤਾ ਹੈ। ਸੱਚੇ ਗੁਰੂ ਦੀ ਸ਼ਰਨ ਪਿਆਂ ਹੀ ਪਰਮ-ਪਿਤਾ ਪਰਮਾਤਮਾ ਦੀ ਸੋਝੀ ਹੁੰਦੀ ਹੈ।ਦਿਨਕਰਿ ਜੋਤਿ ਕੋ ਉਦੋਤ ਸਭ ਕਿਛੁ ਸੁਝੈ, ਨਿਸ ਅੰਧਿਆਰੀ ਭੂਲੇ ਭ੍ਰਮਤ ਭਰਮ ਹੈ।। (੪੮੮)ਕਬਿੱਤ ਸਵੈਯੇ ਭਾਈ ਗੁਰਦਾਸ ਜੀ ਦੀਆਂ ਨਿੱਜੀ ਭਾਵਨਾਵਾਂ ਅਧੀਨ ਵੱਖ-ਵੱਖ ਸਿਧਾਂਤ ਹਨ। ਇਹ ਅਨੁਭਵ ਪ੍ਰਧਾਨ ਵੀ ਹਨ ਅਤੇ ਵਿਆਖਿਆ ਪ੍ਰਧਾਨ ਵੀ ਹਨ। ਇਸ ਗ੍ਰੰਥ ਦੀ ਮਹਾਨਤਾ ਇਹ ਹੈ ਕਿ ਇਹਨਾਂ ਵਿਚ ਗੁਰਮਤਿ ਸਿਧਾਂਤਾਂ ਨੂੰ ਪੂਰਨ ਰੂਪ ਵਿਚ ਸਪਸ਼ਟ ਕੀਤਾ ਗਿਆ ਹੈ। ਆਤਮ ਸਮਰਪਣ ਦੀ ਭਾਵਨਾ ਤੋਂ ਲੈ ਕੇ ਬਿਰਹ ਦੀ ਤੜਪ ਵਾਲੀ ਅਵਸਥਾ ਭਾਈ ਸਾਹਿਬ ਦੇ ਨਿੱਜੀ ਅਨੁਭਵ ਮੰਨੇ ਜਾ ਸਕਦੇ ਹਨ। ਸਵੈਯਾ ਵਿਚ ਗੁਰਮਤਿ ਰਹਿਣੀ-ਬਹਿਣੀ, ਰਹਤਿ-ਮਰਿਆਦਾ ਪ੍ਰਭੂ ਭਗਤੀ ਤੇ ਮਿਲਾਪ ਦੇ ਸਿਧਾਂਤ ਮਹਾਨਤਾ ਵਾਲੇ ਹਨ। ਭਾਈ ਗੁਰਦਾਸ ਜੀ ਦੀਆਂ ਵਾਰਾਂ ਜਿਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਕਿਹਾ ਜਾਂਦਾ ਹੈ ਵੀ ਪਵਿੱਤਰ ਤੇ ਮਹਾਨ ਗ੍ਰੰਥ ਹੈ। ਪਰੰਤੂ ਕਬਿੱਤ ਸਵੈਯੇ ਬ੍ਰਜ ਭਾਸ਼ਾ ਵਿਚ ਹਨ ਜੋ ਕਿ ਆਪਣੇ ਆਪ ਵਿਚ ਇਕ ਗ੍ਰੰਥ ਰੂਪ ਵਿਚ ਸਿੱਖੀ ਦੇ ਵਡਮੁੱਲੇ ਸਿਧਾਂਤ ਸਮੋਏ ਹੋਏ ਹਨ।

**ਭਾਗ ਸਿੰਘ ਅਣਖੀ**

# ਪੰਜਾਬ ਦੇ ਆਰਮੀ ਸਕੂਲਾਂ 'ਚ ਪੰਜਾਬੀ ਨੂੰ ਹਾਸ਼ੀਏ 'ਤੇ ਧੱਕ ਕੇ ਸੰਸਕ੍ਰਿਤ ਦੀ ਪੜ੍ਹਾਈ ਸ਼ੁਰੂ

ਪੰਜਾਬ ਵਿੱਚ ਸਥਿਤ ਆਰਮੀ ਪਬਲਿਕ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਨੂੰ ਹਾਸ਼ੀਏ 'ਤੇ ਧਕੇਲ ਕੇ ਸੰਸਕ੍ਰਿਤ ਦੀ ਲਾਜ਼ਮੀ ਪੜ੍ਹਾਈ ਅੱਜ ਮਿਤੀ ਪੰਜ ਮਈ ਤੋਂ ਸ਼ੁਰੂ ਕਰ ਦਿੱਤੀ ਗਈ ਹੈ। ਸੁਸਾਇਟੀ ਵਲੋਂ ਬੱਚਿਆਂ ਦੇ ਮਾਪਿਆਂ ਤੋਂ ਇੱਕ ਡੈਕਲੇਰੇਸ਼ਨ ਉਤੇ ਦਸਤਖ਼ਤ ਕਰਵਾ ਕੇ ਸਹਿਮਤੀ ਲਈ ਜਾ ਰਹੀ ਹੈ ਕੀ ਉਹਨਾਂ ਦੇ ਬੱਚੇ ਪੰਜਾਬੀ ਭਾਸ਼ਾ ਨੂੰ ਐਡੀਸ਼ਨਲ ਵਿਸ਼ੇ ਵਜੋਂ ਪੜ੍ਹਨ ਲਈ ਤਿਆਰ ਹਨ। ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ ਦਾ ਇਹ ਫੈਸਲਾ ਨਾ ਸਿਰਫ਼ ਪੰਜਾਬੀ ਭਾਸ਼ਾ ਅਤੇ ਪੰਜਾਬ ਦੇ ਭਾਸ਼ਾ ਕਾਨੂੰਨ-2008 ਦੀ ਉਲੰਘਣਾ ਹੈ, ਸਗੋਂ ਸਿੱਖਿਆ ਨੀਤੀ-2020 ਅਤੇ ਨੈਸ਼ਨਲ ਕਰਿਕੁਲਮ ਫ੍ਰੇਮਵਰਕ ਦੀਆਂ ਭਾਵਨਾਵਾਂ ਦੇ ਵੀ ਖ਼ਿਲਾਫ਼ ਹੈ। ਪੰਜਾਬ ਦੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਤੋਂ ਵਾਂਝਾ ਕਰਨਾ ਬਹੁਤ ਮੰਦਭਾਗਾ ਅਤੇ ਚਿੰਤਾਜਨਕ ਹੈ।ਪੰਜਾਬ ਦੇ ਭਾਸ਼ਾ ਕਾਨੂੰਨ The Punjab Learning of Punjabi and other Languages (Amendment)Act -2008 ਅਨੁਸਾਰ ਪੰਜਾਬ ਦੇ ਹਰ ਸਕੂਲ ਵਿੱਚ ਦਸਵੀਂ ਜਮਾਤ ਤੱਕ ਪੰਜਾਬੀ ਭਾਸ਼ਾ ਦੀ ਪੜ੍ਹਾਈ ਲਾਜ਼ਮੀ ਹੈ, ਪਰ ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ (AWES) ਵੱਲੋਂ ਜਾਰੀ ਕੀਤੇ ਸਰਕੂਲਰ ਵਿੱਚ ਪੰਜਾਬੀ ਨੂੰ ਇੱਕ ਅਤਿਰਿਕਤ (Additional) ਭਾਸ਼ਾ ਵਜੋਂ ਰੱਖ ਕੇ ਸੰਸਕ੍ਰਿਤ ਨੂੰ ਲਾਜ਼ਮੀ ਤੌਰ 'ਤੇ ਪੜ੍ਹਾਉਣਾ ਬੱਚਿਆਂ ਦੇ ਸਿੱਖਣ ਦੇ ਅਧਿਕਾਰਾਂ, ਮਨੋਵਿਗਿਆਨਕ ਆਜ਼ਾਦੀ ਅਤੇ ਉਨ੍ਹਾਂ ਦੀ ਭਾਸ਼ਾਈ ਪਸੰਦ ਨਾਲ ਸਿੱਧਾ ਟਕਰਾਅ ਹੈ।ਉਨ੍ਹਾਂ ਕਿਹਾ ਕਿ NEP-2020 ਅਤੇ NCF ਦੋਵੇਂ ਹੀ ਬੱਚਿਆਂ ਲਈ Flexible Curriculum, ਮਾਤ ਭਾਸ਼ਾ ਅਧਾਰਿਤ ਸਿੱਖਿਆ ਅਤੇ “R3” ਦੇ ਸਿਧਾਂਤਾਂ ਨੂੰ ਉਤਸ਼ਾਹਿਤ ਕਰਦੇ ਹਨ, ਜਿਸ ਅਨੁਸਾਰ ਵਿਦਿਆਰਥੀਆਂ ਨੂੰ ਆਪਣੀ ਰੁਚੀ ਅਤੇ ਸਥਾਨਕ ਭਾਸ਼ਾਈ ਪਿਛੋਕੜ ਦੇ ਅਨੁਸਾਰ ਵਿਸ਼ਿਆਂ ਦੀ ਚੋਣ ਦੀ ਆਜ਼ਾਦੀ ਹੈ। ਪਰ ਆਰਮੀ ਐਜੂਕੇਸ਼ਨ ਸੁਸਾਇਟੀ ਵੱਲੋਂ ਸਿੱਖਿਆ ਨੀਤੀ ਦੀ ਭਾਵਨਾ ਨੂੰ ਵੀ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਪਤਾ ਲੱਗਾ ਹੈ ਕਿ ਮਾਪਿਆਂ ਵੱਲੋਂ ਵੀ ਇਸ ਮਾਮਲੇ 'ਤੇ ਗੰਭੀਰ ਚਿੰਤਾ ਜਤਾਈ ਜਾ ਰਹੀ ਹੈ ਕਿ ਪੰਜਾਬੀ ਭਾਸ਼ਾ ਨੂੰ ਚੌਥੇ ਵਿਕਲਪ ਵਜੋਂ ਰੱਖਿਆ ਗਿਆ ਹੈ ਅਤੇ ਜੇਕਰ 15 ਤੋਂ ਘੱਟ ਵਿਦਿਆਰਥੀ ਪੰਜਾਬੀ ਚੁਣਦੇ ਹਨ ਤਾਂ ਸਕੂਲ ਪੰਜਾਬੀ ਅਧਿਆਪਕ ਦੀ ਨਿਯੁਕਤੀ ਵੀ ਨਹੀਂ ਕਰੇਗਾ। ਅਜਿਹੇ ਹਾਲਾਤਾਂ ਵਿੱਚ ਵਿਦਿਆਰਥੀਆਂ ਨੂੰ ਪੰਜਾਬੀ ਘਰ ਬੈਠ ਕੇ ਪੜ੍ਹਨ ਲਈ ਮਜਬੂਰ ਹੋਣਾ ਪਵੇਗਾ। ਇਹ ਨੀਤੀ ਸਪੱਸ਼ਟ ਤੌਰ 'ਤੇ ਵਿਦਿਆਰਥੀਆਂ ਦੀ ਭਾਸ਼ਾਈ ਵਿਕਲਪ ਸਿੱਖਿਆ ਨੀਤੀ ਨਾਲ ਵਿਤਕਰਾ ਕਰਦੀ ਹੈ।


ARMY PUBLIC SCHOOL, Near Mil Hospital, JALANDHAR CANTT
Ph: 0181-2630776, 835. Army: 2561

APS/CIR/GEN/2026-27/MAY/01 SCHOOL CIRCULAR Date: 05/05/2026

CONSENT FORM FOR CHOOSING PUNJABI AS ADDITIONAL SUBJECT IN CLASS VI (2026 – 27)

All the Parents are hereby informed that **Sanskrit** is Compulsory for the session 2026-27. Students who wish to take **Punjabi** language as additional subject need to bring the consent slip duly filled and signed by their Parents.

CONSENT FORM

I, ____________ Father/Mother/Guardian of Miss/Master ____________ studying in class VI, section ________, allow my ward to take ____________ as **Additional subject.**

Date: ________

(Parent's / Guardian Name with sign)
Address ________

ਪੰਜਾਬ ਸਰਕਾਰ ਵੀ ਇਸ ਅਨਿਆਂ ਵਿਰੁੱਧ ਚੁੱਪ ਹੈ। ਸੀ.ਬੀ.ਐਸ.ਈ. ਇਹ ਯਕੀਨੀ ਬਣਾਏ ਕਿ ਸਾਰੇ ਸਕੂਲ ਭਾਸ਼ਾ ਨੀਤੀ ਅਤੇ ਸਿੱਖਿਆ ਨੀਤੀ ਦੇ ਨਿਯਮਾਂ ਦੀ ਪਾਲਣਾ ਕਰਨ ਅਤੇ ਪੰਜਾਬ ਵਿੱਚ ਸਥਿਤ ਸਾਰੇ ਆਰਮੀ ਸਕੂਲਾਂ ਵਿੱਚ ਪੰਜਾਬ ਦੇ ਬੱਚਿਆਂ ਲਈ ਪੰਜਾਬੀ ਭਾਸ਼ਾ ਦੀ ਲਾਜ਼ਮੀ ਪੜ੍ਹਾਈ ਨੂੰ ਯਕੀਨੀ ਬਣਾਇਆ ਜਾਵੇ।

**ਪਰਮਪਾਲ ਸਿੰਘ ਸਭਰਾਅ**

# JUSTICE/FAIR PLAY

To do justice is to separate milk from water. If a judge takes sides and shows partiality, it amounts to destroying the very fabric of justice. It is no exaggeration to say that rendering true justice is extremely difficult. Gurbani, however, clearly records that anyone imparting justice is duty-bound not to deprive anyone of his or her rights, because doing so amounts to injustice, high-handedness, and a lack of moral ethics.

ਹਕੁ ਪਰਾਇਆ ਨਾਨਕਾ ਉਸੁ ਸੂਅਰੁ ਉਸੁ ਗਾਇ॥ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥(Ang 141)

Saith Nanak! To grab what belongs to another is evil — as pig's flesh is to Muslims and cow's flesh is to Hindus.(Pg. 141)Gurbani also records that, in earlier times, Qazis, jurists, and magistrates often pronounced false verdicts after accepting bribes. Sadly, the same ugly practice continues in present-day society, often in even harsher and more corrupt forms. The Gurbani reference to "accepting bribes and committing injustice" directly condemns the evil of gratification and corruption. It serves as a warning to all, especially to those engaged in this noble profession.

ਕਾਜੀ ਹੋਇ ਕੈ ਬਹੈ ਨਿਆਇ॥ਫੇਰੇ ਤਸਬੀ ਕਰੇ ਖੁਦਾਇ॥ਵਢੀ ਲੈ ਕੈ ਹਕੁ ਗਵਾਏ॥ਜੇ ਕੋ ਪੁਛੈ ਤਾ ਪੜਿ ਸੁਣਾਏ॥(Ang 951)

The Qazi sits in the seat of justice,Turns his rosary and utters God's Name,Yet he takes bribes and corrupts justice. If someone questions him, he quotes scriptures in defense.(Pg. 951) The spirit of justice and fair play demands that we should not covet the possessions of others and should remain content with our honest earnings.

ਹਕੁ ਹਲਾਲੁ ਬਖੋਰਹੁ ਖਾਣਾ॥
ਦਿਲ ਦਰੀਆਉ ਧੋਵਹੁ ਮੈਲਾਣਾ॥(Ang 1084)

Make honestly earned food your sustenance; Make your heart as vast as a river and wash away impurity.(Pg. 1084) This means that we should maintain purity of mind and lead a righteous life. We should broaden our outlook like a flowing river and wash away the dirt of profanity, obscenity, greed, and all other vices that lead to injustice and moral corruption. Gurbani acknowledges that because of countless obstacles, it is difficult to dispense perfect justice, and ultimately only God can do so completely.

ਪੂਰਾ ਨਿਆਉ ਕਰੇ ਕਰਤਾਰੁ॥ਅਪੁਨੇ ਦਾਸ ਕਉ ਰਾਖਨਹਾਰੁ॥
(Ang 199)

The Creator alone dispenses perfect justiceAnd protects His devotees.(Pg. 199)It is indeed a sad commentary on modern society that the supposedly enlightened human being of the 21st century — blessed with advanced science and technology — often appears deeply corrupt when it comes to honesty, fairness, and impartial conduct. Ministers, bureaucrats, and political leaders are, more often than not, found lacking in the true spirit of justice. Every day we witness incidents in which influential people mercilessly suppress justice for selfish gains. In doing so, they put the honour of the nation at stake. Many are willing to engage in unethical acts if personal benefit can be achieved. In such a scenario, unless a person practically unites himself with the principles of his faith, he becomes unrestrained and self-centered, considering himself the sole master of his destiny. Such a person gradually suppresses his conscience and drifts far away from the moral values of religion and society. At such times, moral principles and virtues alone can transform the human mindset and guide individuals back to the righteous path. Without following this path, a person continues to grope in darkness and ultimately ends in disgrace. If a person is entrusted with the responsibility of dispensing justice, he must perform this noble duty with honesty, integrity, and trustworthiness. Only then can the social fabric gain renewed strength and stability through righteous action. Society as a whole will always appreciate a system in which justice is delivered wisely, fairly, honestly, and transparently.

**Sarup Singh Allag**

# ਬਲਿਹਾਰੀ ਕੁਦਰਤਿ ਵਸਿਆ

ਕੁਦਰਤ ਅਤੇ ਮਨੁੱਖ ਦਾ ਬਹੁਤ ਡੂੰਘਾ ਸੰਬੰਧ ਹੈ। ਕੇਵਲ ਸਬੰਧ ਹੀ ਨਹੀਂ ਸਗੋਂ ਮਨੁੱਖ ਕੁਦਰਤ ਦਾ ਇਕ ਹਿੱਸਾ ਹੈ। ਜਦੋਂ ਪਰਮੇਸ਼ਰ ਨੇ ਅਫੁਰ ਤੋਂ ਸਫੁਰ ਅਵਸਥਾ ਵਿਚ ਆਉਣਾ ਚਾਹਿਆ ਤਾਂ ਗੁਰਬਾਣੀ ਦੇ ਮਹਾਂਵਾਕ: "ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥" ਅਨੁਸਾਰ ਇਕ ਹੁਕਮ ਨਾਲ ਹੀ ਸਾਰਾ ਪਾਸਾਰਾ ਦਿੱਤਾ। ਪਰਮਾਤਮਾ ਦਾ ਸਰਗੁਣ ਸਰੂਪ ਹੋਂਦ ਵਿਚ ਆ ਗਿਆ। ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ ਦੇ ਅਨੁਸਾਰ ਕੁਦਰਤ ਨੂੰ ਸਾਜ ਕੇ ਉਸ ਪਰਮੇਸ਼ਰ ਨੇ ਇਸ ਕੁਦਰਤ ਵਿਚ ਵਿਆਪਕ ਹੋ ਕੇ ਆਪ ਹੀ ਆਪਣਾ ਚੋਜ ਜਾਂ ਤਮਾਸ਼ਾ ਦੇਖਣਾ ਸ਼ੁਰੂ ਕਰ ਦਿੱਤਾ। ਸ੍ਰਿਸ਼ਟੀ ਦੇ ਦ੍ਰਿਸ਼ਟਮਾਨ ਸਰੂਪ ਵਿਚ ਪ੍ਰਭੂ ਦੀ ਕੁਦਰਤ ਹੀ ਨਜ਼ਰ ਆ ਰਹੀ ਹੈ। ਪਹਿਲਾਂ ਓਸ ਅਗੰਮੀ ਸ਼ਕਤੀ ਨੇ ਬ੍ਰਹਿਮੰਡ ਦੀ ਰਚਨਾ ਕੀਤੀ ਅਤੇ ਫਿਰ ਜੀਵ ਜੰਤੂ ਪੈਦਾ ਕੀਤੇ। ਪਉਣ, ਪਾਣੀ, ਧਰਤੀ ਇਹ ਸਭ ਬ੍ਰਹਿਮੰਡ ਦੇ ਅੰਸ਼ ਹਨ। ਇਨ੍ਹਾਂ ਤਿੰਨ ਮੰਡਲਾਂ ਤੋਂ ਬਿਨਾਂ ਜੀਵ ਮੰਡਲ ਸਤਿਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਜੀ ਪਵਣੁ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤਿ ਨੂੰ ਮਾਤਾ ਕਹਿ ਕੇ ਵਡਿਆਉਂਦੇ ਹਨ। ਇਸ ਤਰ੍ਹਾਂ ਉਸ ਪ੍ਰਭੂ ਪਰਮੇਸ਼ਰ ਨੇ ਇਸ ਜੀਵ-ਮੰਡਲ ਵਿਚ ਚਾਰ ਖਾਣੀਆਂ: ਅੰਡਜ, ਜੇਰਜ ਸੇਤਜ ਅਤੇ ਉਤਭੁਜ ਦੀ ਰਚਨਾ ਕੀਤੀ ਅਤੇ ਆਪਣੀ ਜੋਤ ਇਨ੍ਹਾਂ ਵਿਚ ਟਿਕਾ ਦਿੱਤੀ। ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ॥ ਜੀਵ ਮੰਡਲ ਵਿਚ ਕੁਝ ਜੀਵ ਜੇਰ ਤੇ ਸੇਤਜ ਭਾਵ ਪਸੀਨੇ ਤੋਂ ਪੈਦਾ ਹੁੰਦੇ ਹਨ। ਉਤਭੁਜ ਤੋਂ ਮਤਲਬ ਧਰਤੀ 'ਚੋਂ ਉੱਗਣ ਵਾਲੇ ਬਿਰਖ, ਬੂਟੇ ਅਤੇ ਬਨਸਪਤੀ ਆਦਿ ਹੈ। ਇਸ ਜੀਵ-ਮੰਡਲ ਵਿਚ ਮਨੁੱਖ ਦੀ ਸਰਦਾਰੀ ਹੈ। ਇਸ ਲੇਖ ਵਿਚ ਰੁੱਖ/ਬਨਸਪਤੀ ਅਤੇ ਮਨੁੱਖ ਦੀ ਹੀ ਗੱਲ ਕੀਤੀ ਜਾਵੇਗੀ। ਸਾਨੂੰ ਇਸ ਗੱਲ ਤੋਂ ਭਲੀਭਾਂਤ ਜਾਣੂ ਹੋ ਜਾਣਾ ਚਾਹੀਦਾ ਹੈ ਕਿ ਜੇ ਰੁੱਖ ਨਹੀਂ ਤਾਂ ਮਨੁੱਖ ਨਹੀਂ। ਅੱਜ ਮਨੁੱਖ ਦੀ ਹੋਂਦ ਖ਼ਤਰੇ ਵਿਚ ਹੈ। ਇਸੇ ਲਈ ਸਤਿਗੁਰੂ ਜੀ ਗੁਰਬਾਣੀ ਵਿਚ ਥਾਂ ਪੁਰ ਥਾਂ ਰੁੱਖਾਂ, ਬੂਟਿਆਂ ਅਤੇ ਬਨਸਪਤੀ ਦੀ ਗੱਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਰਦੇ ਸਾਡੇ ਦ੍ਰਿਸ਼ਟੀਗੋਚਰ ਹੁੰਦੇ ਹਨ। ਜੇ ਸਤਿਗੁਰੂ ਜੀ ਦੇ ਮੁਖਾਰਬਿੰਦ ਤੋਂ ਉਚਰਤ ਪੰਕਤੀ ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ॥ ਨੂੰ ਗਹੁ ਨਾਲ ਵਿਚਾਰੀਏ ਤਾਂ ਪਤਾ ਲੱਗਦਾ ਹੈ ਕਿ ਸਤਿਗੁਰੂ ਜੀ ਰੁੱਖਾਂ, ਬੂਟਿਆਂ ਤੇ ਵਣਾਂ ਆਦਿ ਦੀ ਮਹਤੱਤਾ ਸਿੱਧੇ ਜਾਂ ਅਸਿੱਧੇ ਤੌਰ 'ਤੇ ਦਰਸਾਅ ਰਹੇ ਹਨ। ਹੋਰ ਤਾਂ ਹੋਰ ਬਹੁਤ ਸਾਰੇ ਗੁਰਦੁਆਰਾ ਸਾਹਿਬ ਦੇ ਨਾਮ ਵੀ ਇਨ੍ਹਾਂ ਰੁੱਖਾਂ ਦੇ ਨਾਵਾਂ 'ਤੇ ਹੀ ਰੱਖੇ ਗਏ ਹਨ, ਜਿਵੇਂ: ਬੇਰ ਸਾਹਿਬ, ਟਾਹਲੀ ਸਾਹਿਬ ਆਦਿ। ਮਨੁੱਖ ਤੋਂ ਇਲਾਵਾ ਜੰਗਲੀ ਜੀਵਾਂ ਦਾ ਵੀ ਰੁੱਖਾਂ, ਬੂਟਿਆਂ ਅਤੇ ਜੰਗਲਾਂ ਨਾਲ ਬਹੁਤ ਹੀ ਡੂੰਘਾ ਸੰਬੰਧ ਹੈ, ਪਰੰਤੂ ਵਰਤਮਾਨ ਸਮੇਂ ਰੁੱਖਾਂ ਦੀ ਧੜਾਧੜ ਕਟਾਈ ਹੋ ਰਹੀ ਹੈ। ਜਿਸ ਕਾਰਨ ੬੬੦੦੦ ਜੀਵ-ਜੰਤੂਆਂ ਤੇ ਪੌਦਿਆਂ ਦੀਆਂ ਜਾਤੀਆਂ ਨੂੰ ਖ਼ਤਰਾ ਪੈਦਾ ਹੋ ਗਿਆ ਹੈ। ਰੁੱਖ, ਮਨੁੱਖ ਅਤੇ ਹੋਰ ਜੀਵ-ਜੰਤੂਆਂ ਲਈ ਬਹੁਤ ਹੀ ਲਾਭਕਾਰੀ ਹਨ। ਇਸੇ ਕਰਕੇ ਥਾਂ-ਪੁਰ-ਥਾਂ ਸਤਿਗੁਰੂ ਜੀ ਮਨੁੱਖ ਨੂੰ ਕੁਦਰਤ ਵਿਚ ਵਸੇ ਕਾਦਰ ਦੀ ਯਾਦ ਦਿਲਾਉਂਦਿਆਂ ਹੋਇਆਂ ਇਸ ਨੂੰ ਨੁਕਸਾਨ/ਹਾਨੀ ਨਾ ਪਹੁੰਚਾਉਣ ਲਈ ਪ੍ਰੇਰਿਤ ਕਰਦੇ ਹਨ ਅਤੇ ਇਸ ਕੁਦਰਤ ਦੇ ਸੰਤੁਲਿਤ ਨੂੰ ਕਾਇਮ ਰੱਖਣ ਹਿੱਤ ਵਕਤ ਨੂੰ ਵਿਚਾਰ ਕੇ ਚੱਲਣ ਦੀ ਤਾਕੀਦ ਕਰਦੇ ਹਨ:ਕੁਦਰਤਿ ਕਰਿ ਕੈ ਵਸਿਆ ਸੋਇ॥ ਵਖਤੁ ਵੀਚਾਰੇ ਸੁ ਬੰਦਾ ਹੋਇ॥(ਅੰਗ ੮੩)ਗੁਰੂ ਸਾਹਿਬ ਤਾਂ ਇੱਥੋਂ ਤਕ ਕਹਿੰਦੇ ਹਨ ਕਿ ਅਸਲ ਵਿਚ ਜੋਗੀ ਪਰਮੇਸ਼ਰ ਦਾ ਪਿਆਰਾ ਹੀ ਉਹ ਹੈ, ਜੋ ਰੁੱਖਾਂ ਵਿਚ, ਘਰ ਵਿਚ ਅਤੇ ਬਾਹਰ ਵਿਚ ਉਸੇ ਦੇ ਹੀ ਦਰਸ਼ਨ ਕਰਦਾ ਹੈ:ਜੋਗੀ ਕਉ ਕੈਸਾ ਡਰੁ ਹੋਇ॥ ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ॥ (ਪੰਨਾ ੨੨੩) ਸੋ ਜਿਸ ਨੇ ਕਦੇ ਫੁਲਵਾੜੀ ਨੂੰ ਸਿੰਜਿਆ ਨਾ ਹੋਵੇ ਉਹ ਰੱਬ ਦੇ ਨਾਲ ਨਾਲ ਸੈਰ ਨਹੀਂ ਕਰ ਸਕਦਾ। ਅਸਲ ਵਿਚ ਕਾਦਰ ਕੁਦਰਤ ਵਿਚ ਹੈ ਅਤੇ ਕੁਦਰਤ ਕਾਦਰ ਵਿਚ। ਦਰਅਸਲ ਰੁੱਖ ਧਰਤੀ ਦੇ ਫੇਫੜੇ ਹਨ ਜੋ ਵਾਤਾਵਰਨ ਵਿੱਚੋਂ ਕਾਰਬਨ ਡਾਈਆਕਸਾਈਡ ਸੋਖਦੇ ਹਨ ਅਤੇ ਆਕਸੀਜਨ ਪੈਦਾ ਕਰਦੇ ਹਨ। ਜੇਕਰ ਫੇਫੜੇ ਹੀ ਜ਼ਖ਼ਮੀ ਕਰ ਦਿੱਤੇ ਜਾਣ ਤਾਂ . . . । ਇਹ ਮਿੱਟੀ ਨੂੰ ਖੁਰਨ ਤੋਂ ਬਚਾਉਣ, ਮਿੱਟੀ ਨੂੰ ਸੰਭਾਲ ਕੇ ਰੱਖਣ ਅਤੇ ਵਰਖਾ ਪਵਾਉਣ ਵਿਚ ਸਹਾਈ ਹੁੰਦੇ ਹਨ। ਰੁੱਖਾਂ ਦਾ ਇਕ ਵਰਗ ਕਿਲੋਮੀਟਰ ਜੰਗਲ ਆਪਣੀਆਂ ਜੜ੍ਹਾਂ ਵਿਚ ੨੦,੦੦੦ ਤੋਂ ੩੦,੦੦੦ ਕਿਊਬਿਕ ਪਾਣੀ ਰੱਖਦਾ ਹੈ। ਇਹ ਜ਼ਮੀਨ ਹੇਠਲੇ ਪਾਣੀ ਦੀ ਸਤਹਿ ਨੂੰ ਡਿੱਗਣ ਤੋਂ ਬਚਾਉਂਦੇ ਹਨ। ਇਸ ਲਈ ਪਿੰਡਾਂ/ਸ਼ਹਿਰਾਂ ਜਾਂ ਖੇਤਾਂ ਦੁਆਲੇ ਰੁੱਖਾਂ ਦੀ ਪੱਟੀ ਬਹੁਤ ਜ਼ਰੂਰੀ ਹੈ। ਜਿਸ ਧਰਤੀ ਨੂੰ ਸਤਿਗੁਰੂ ਜੀ ਨੇ ਮਾਤਾ ਕਹਿ ਕੇ ਵਡਿਆਇਆ ਸੀ, ਅੱਜ ਉਸੇ ਦੀ ਬੇਅਦਬੀ ਹੋ ਰਹੀ ਹੈ। ਧੜਾਧੜ ਰੁੱਖਾਂ ਦੀ ਕਟਾਈ ਕਰ ਕੇ ਅਸੀਂ ਧਰਤੀ ਨੂੰ ਭਾਰੀ ਨੁਕਸਾਨ ਪਹੁੰਚਾ ਰਹੇ ਹਾਂ। ਸੰਯੁਕਤ ਰਾਸ਼ਟਰ ਸੰਘ (UNO) ਦੀ ਰਿਪੋਰਟ ਦੱਸਦੀ ਹੈ ਕਿ ਗਰਮ ਖੰਡੀਦੇਸ਼ਾਂ ਵਿਚ ਇਕ ਸਾਲ ਵਿਚ ੧੫ ਮਿਲੀਅਨ ਹੈਕਟੇਅਰ ਤੋਂ ਵੱਧ ਜੰਗਲ ਖੇਤੀਬਾੜੀ, ਇਮਾਰਤੀ, ਰਿਹਾਇਸ਼ ਅਤੇ ਹੋਰਨਾਂ ਕਾਰਨਾਂ ਕਰਕੇ ਨਸ਼ਟ ਹੋ ਰਹੇ ਹਨ। ਧਰਤੀ ਦੇ ਘੱਟੋ-ਘੱਟ ੩੩% ਹਿੱਸੇ 'ਤੇ ਰੁੱਖ ਹੋਣੇ ਚਾਹੀਦੇ ਹਨ, ਪਰੰਤੂ ਧਰਤੀ ਦੇ ਕੇਵਲ ੨੭% ਹਿੱਸੇ 'ਤੇ ਹੀ ਰੁੱਖ ਹਨ। ਜੋ ਇਕ ਬੜੀ ਵੱਡੀ ਤ੍ਰਾਸਦੀ ਹੈ।


ਹੋਰ ਤਾਂ ਹੋਰ ਸਾਡੇ ਭਾਰਤ ਦੇ ਕੇਵਲ ੧੦% ਹਿੱਸੇ 'ਤੇ ਰੁੱਖ/ਜੰਗਲ ਹਨ। ਪੰਜਾਬ ਜਿਸ ਨੂੰ ਸਤਿਗੁਰਾਂ ਦੀ ਧਰਤੀ ਕਿਹਾ ਜਾਂਦਾ ਹੈ, ਇਸ ਦੇ ਕੇਵਲ ੨.੩% ਹਿੱਸੇ 'ਤੇ ਹੀ ਰੁੱਖ ਹਨ। ਰੁੱਖਾਂ ਦੀ ਕਟਾਈ ਕਾਰਨ ਮੌਸਮ ਵਿਚ ਕਾਫੀ ਬਦਲਾਅ ਆਇਆ ਹੈ ਜੋ ਖਤਰਨਾਕ ਸਥਿਤੀ ਵਲ ਸੰਕੇਤ ਹੈ। ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਲਈ ਹੋਰ ਵੀ ਕਈ ਕਾਰਨ ਹਨ, ਪਰ ਰੁੱਖਾਂ ਦੀ ਕਟਾਈ ਇਕ ਵੱਡਾ ਕਾਰਨ ਹੈ। ਪਿਛਲੇ ਕੁਝ ਦਹਾਕਿਆਂ ਤੋਂ ਮਨੁੱਖ ਨੇ ਸਵਾਰਥ ਹਿੱਤ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਸ਼ੁਰੂ ਕੀਤੀ ਹੈ। ਇੱਥੇ ਇਕ ਕਵਿਤਾ ਦੀਆਂ ਕੁਝ ਸਤਰਾਂ ਆਪ ਜੀ ਦੇ ਦ੍ਰਿਸ਼ਟੀਗੋਚਰ ਕਰਨ ਦਾ ਯਤਨ ਕਰਾਂਗੇ:ਗਿਆ ਰੱਬ ਦਾ ਖੌਫ ਹੈ ਭੁੱਲ ਸਾਨੂੰ, ਨ੍ਹੇਰ ਰਿਹਾ ਸਵਾਰਥੀ ਝੁੱਲ ਮੀਆਂ, ਰੁੱਖ ਵੱਢ ਪ੍ਰਦੂਸ਼ਣ ਫੈਲਾਈ ਜਾਂਦੇ, ਦੀਵਾ ਹੋ ਗਿਆ ਸੋਚ ਦਾ ਗੁੱਲ ਮੀਆਂ, ਹੁਣ ਤਾਂ ਓਜੋਨ ਪਰਤ ਵੀ ਪਾਟ ਗੀਏ, ਮਿਲੂ ਸਾਫ-ਸੁੱਥਰੀ ਕਿੱਥੋਂ ਖੁੱਲ੍ਹ ਮੀਆਂ, ਜੰਗ ਕੁਦਰਤ ਦੇ ਨਾਲ 'ਗੰਭੀਰ' ਹੋਗੀ, ਗਏ ਆਪਣਾ ਮੂਲ ਹਾਂ ਭੁੱਲ ਮੀਆਂ। ਹਾਲਤ ਏਥੋਂ ਤਕ ਨਿਘਰ ਗਈ ਹੈ ਕਿ ਵੱਡੇ-ਵੱਡੇ ਸ਼ਹਿਰਾਂ 'ਚ ਪ੍ਰਦੂਸ਼ਣ-ਮਾਪਕ ਯੰਤਰ ਲਗਾਉਣ ਦੀ ਵੀ ਲੋੜ ਪੈ ਗਈ ਹੈ। ਪਿੱਛੇ ਜਿਹੇ ਖ਼ਬਰ ਸੀ ਕਿ ਦਿੱਲੀ ਵਿਚ ਲੱਗੇ ਪ੍ਰਦੂਸ਼ਣ-ਮਾਪਕ ਯੰਤਕ ਦੇ ਅੰਕ ਦਾ ਪੱਧਰ ਬੇਹੱਦ ਖ਼ਤਰਨਾਕ ਹੱਦ ਤਕ ਵੱਧ ਗਿਆ ਹੈ। ੨੨੦ ਅੰਕ ਤੋਂ ਵੀ ਉੱਪਰ। ਜਿਸ ਦਾ ੫੦ ਤਕ ਦਾ ਅੰਕ ਆਦਰਸ਼ ਵਾਤਾਵਰਨ ਮੰਨਿਆ ਜਾਂਦਾ ਹੈ। ੧੦੦ ਹੋਵੇ ਤਾਂ ਠੀਕ-ਠਾਕ। ੧੫੦ ਤਕ ਬਿਮਾਰਾਂ ਨੂੰ ਸੁਚੇਤ ਰਹਿਣ ਲਈ ਅਤੇ ਘਰੋਂ ਬਾਹਰ ਨਾ ਨਿਕਲਣ ਲਈ ਕਿਹਾ ਜਾਂਦਾ ਹੈ। ੧੫੦ ਤੋਂ ਵੱਧ ਤਾਂ ਤੰਦਰੁਸਤ ਲੋਕਾਂ ਨੂੰ ਵੀ ਘਰੋਂ-ਬਾਹਰ ਨਾ ਨਿਕਲਣ ਦੀ ਤਾਕੀਦ ਕਰ ਦਿੱਤੀ ਜਾਂਦੀ ਹੈ, ਪਰ ਇਹ ਤਾਂ ੨੨੦ ਤੋਂ ਵੀ ਉੱਪਰ ਹੈ। ਏਸੇ ਤਰ੍ਹਾਂ ਹੋਰ ਸ਼ਹਿਰਾਂ/ਕਸਬਿਆਂ ਦੀ ਹਾਲਤ ਐਸੀ ਹੀ ਹੈ, ਪਰ ਸੋਚਣ ਦੀ ਲੋੜ ਤਾਂ ਇਹ ਹੈ ਕਿ ਇਹ ਯੰਤਰ ਲਾਉਣ ਦੀ ਲੋੜ ਹੀ ਕਿਉਂ ਪਈ? ਇਸ ਦੇ ਲਈ ਕਾਰਨ ਤਾਂ ਹੋਰ ਵੀ ਜ਼ਿੰਮੇਵਾਰ ਹਨ, ਪਰ ਰੁੱਖਾਂ ਦਾ ਕਟਾਅ ਇਕ ਵੱਡਾ ਕਾਰਨ ਹੈ।

ਅੱਜ ਲੋੜ ਹੈ, ਰੁੱਖ ਅਤੇ ਮਨੁੱਖ ਦੇ ਸੰਬੰਧ ਨੂੰ ਪਛਾਣਨ ਦੀ। ਜੇ ਰੁੱਖ ਹੈ ਤਾਂ ਮਨੁੱਖ ਹੈ। ਇਨ੍ਹਾਂ ਦਾ ਆਪਸ ਵਿਚ ਪਰਸਪਰ ਸੰਬੰਧ ਹੈ। ਜੇ ਮਨੁੱਖ ਨੇ ਇਸ ਕਾਇਨਾਤ ਵਿਚ ਆਪਣੀ ਸਰਦਾਰੀ ਕਾਇਮ ਰੱਖਣੀ ਹੈ ਤਾਂ ਉਸ ਨੂੰ ਇਸ ਬਾਰੇ ਸੋਚਣ ਦੀ ਲੋੜ ਹੈ। ਅੱਜ ਫਿਲਟਰਡ ਪਾਣੀ ਬੋਤਲਾਂ ਵਿਚ ਮਿਲਦਾ ਹੈ। ਕੰਪਨੀਆਂ ਅੰਨ੍ਹਾ ਰੁਪੱਈਆ ਫਿਲਟਰਡ ਪਾਣੀ ਦੇ ਨਾਂ ਹੇਠ ਕਮਾ ਰਹੀਆਂ ਹਨ। ਅਜਿਹਾ ਨਾ ਹੋਵੇ ਕਿ ਸਾਨੂੰ ਸ਼ੁੱਧ/ਸਾਫ ਕੀਤੀ ਆਕਸੀਜਨ ਦੇ ਸਿਲੰਡਰ ਵੀ ਆਪਣੇ ਮੋਢਿਆਂ 'ਤੇ ਚੁੱਕਣੇ ਪੈਣ। ਆਓ ਸੋਚੀਏ! ਇਸ ਤੋਂ ਪਹਿਲਾਂ ਕਿ ਦੇਰ ਹੋ ਜਾਵੇਅਤੇ ਪਛਤਾਉਣਾ ਪਵੇ:

ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥
(ਅੰਗ ੯੧੮)

**ਸ. ਬਲਵਿੰਦਰ ਸਿੰਘ**

# ਸ੍ਰੀ ਗੁਰੂ ਨਾਨਕ ਜੀ ਦੇ ਉਪਦੇਸ਼ਾਂ ਵਿਚ ਸਦੀਵੀ ਅਗਵਾਈ




ਸਤਿਗੁਰੁ ਨਾਨਕੁ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣੁ ਹੋਆ।
(ਵਾਰ ੧:੨੭)

ਭਾਈ ਗੁਰਦਾਸ ਜੀ ਦੇ ਇਸ ਕਥਨ ਵਿਚ ਕਿੰਨੀ ਵੱਡੀ ਸਚਾਈ ਹੈ, ਕਿਉ ਜੋ ਸ੍ਰੀ ਗੁਰੂ ਨਾਨਕ ਦੇਵੀ ਜੀ ਦੇ ਪ੍ਰਕਾਸ਼ ਧਾਰਨ ਦੇ ਵਕਤ ਸਮਾਜ ਵੱਡੇ ਅੰਧ-ਵਿਸ਼ਵਾਸ, ਵਹਿਮਾਂ-ਭਰਮਾਂ, ਅਗਿਆਨਤਾ ਅਤੇ ਇੱਥੋਂ ਤਕ ਕਿ ਵੱਖ-ਵੱਖ ਦੇਵੀ-ਦੇਵਤਿਆਂ ਦੀ ਪੂਜਾ ਵਰਗੇ ਭੁਲੇਖਿਆਂ ਵਿਚ ਪਿਆ ਹੋਇਆ ਸੀ ਜਦੋਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਮ ਸਚਾਈ ਨੂੰ, ਜਿਸ ਵਿਚ ਧਾਰਮਿਕ ਅੰਧ-ਵਿਸ਼ਵਾਸ ਨੂੰ ਦੂਰ ਕਰ ਕੇ ਸਾਰੇ ਸੰਸਾਰ ਵਿਚ ਇੱਕ ਕਰਤਾ ਦਾ ਵਿਚਾਰ ਦਿੱਤਾ ਅਤੇ ਸਮਝਾਇਆ ਕਿ ਪਰਮਾਤਮਾ ਇੱਕ ਹੈ, ਉਸ ਦਾ ਨਾਂ ਹਮੇਸ਼ਾਂ ਸੱਚਾ ਅਤੇ ਅਟੱਲ ਹੈ, ਉਸ ਨੂੰ ਕਿਸੇ ਦਾ ਡਰ ਨਹੀਂ, ਨਾ ਹੀ ਉਸ ਦਾ ਕਿਸੇ ਨਾਲ ਵੈਰ ਹੈ। ਉਸ 'ਤੇ ਸਮੇਂ ਦਾ ਕੋਈ ਪ੍ਰਭਾਵ ਨਹੀਂ, ਉਸ ਦੀ ਕੋਈ ਮੂਰਤ ਨਹੀਂ । ਨਾ ਉਹ ਜਨਮ ਲੈਂਦਾ ਹੈ, ਨਾ ਮਰਦਾ ਹੈ ਅਤੇ ਉਹ ਆਪਣੇ ਆਪ ਤੋਂ ਆਪ ਪੈਦਾ ਹੋਇਆ ਹੈ ਅਤੇ ਅਜਿਹਾ ਕਰਤਾ ਗੁਰੂ ਦੀ ਮਿਹਰ ਨਾਲ ਹੀ ਪ੍ਰਾਪਤ ਹੁੰਦਾ ਹੈ। ਇਹ ਉਹ ਵੱਡੀ ਸਚਾਈ ਹੈ ਜਿਸ ਨੂੰ ਸਾਰੀ ਲੋਕਾਈ ਨੇ ਸਵੀਕਾਰ ਕੀਤਾ ਹੈ ਪਰਮਾਤਮਾ ਦੀ ਹੋਂਦ ਨੂੰ ਇਕ ਕਰਤਾ ਦੀ ਹੋਂਦ 'ਤੇ ਕੇਂਦਰਿਤ ਕੀਤਾ। ਉਸ ਸਮੇਂ ਦੇ ਕੁਝ ਲੋਕਾਂ ਵੱਲੋਂ ਪੱਥਰਾਂ ਦੀ ਪੂਜਾ ਵੀ ਕੀਤੀ ਜਾਂਦੀ ਸੀ, ਪਰ ਗੁਰੂ ਜੀ ਨੇ ਉਨ੍ਹਾਂ ਨੂੰ ਉਪਦੇਸ਼ ਦਿੱਤਾ :ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ।।ਪਾਹੁਣ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ।।(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੭)ਜਿਸ ਵਿਚ ਇਹ ਵਿਚਾਰ ਦਰਸਾਇਆ ਗਿਆ ਹੈ ਕਿ ਪੱਥਰਾਂ ਦੀ ਮੂਰਤੀ ਤਾਂ ਪਾਣੀ ਵਿਚ ਡੁੱਬ ਜਾਂਦੀ ਹੈ ਅਤੇ ਜਿਹੜੀ ਮੂਰਤੀ ਆਪਣੇ ਆਪ ਨੂੰ ਵੀ ਡੁੱਬਣ ਤੋਂ ਨਹੀਂ ਬਚਾ ਸਕਦੀ, ਉਹ ਸਾਨੂੰ ਕਿਵੇਂ ਤਾਰੇਗੀ! ਇਸ ਤਰ੍ਹਾਂ ਵੱਖ-ਵੱਖ ਦੇਵੀ-ਦੇਵਤਿਆਂ ਨੂੰ ਪੂਜਣ ਦੀ ਬਜਾਇ ਇਕ ਕਰਤਾ ਜੋ ਹਰ ਜਗ੍ਹਾ, ਹਰ ਸਮੇਂ ਅਤੇ ਹਰ ਕਣ-ਕਣ ਵਿਚ ਹੈ ਉਸ ਦੀ ਸਿਫਤ ਸਲਾਹ ਕਰ ਕੇ ਉਸ ਨੂੰ ਯਾਦ ਰੱਖਣਾ ਹੀ ਯੋਗ ਹੈ। ਪਰਮ-ਹਸਤੀ ਦੇ ਸਦੀਵੀ ਸੱਚ ਦੀ ਗੁਰੂ ਜੀ ਨੇ ਵਿਆਖਿਆ ਕੀਤੀ ਅਤੇ ਗੁਰੂ ਜੀ ਅਨੁਸਾਰ:ਆਦਿ ਸਚੁ ਜੁਗਾਦਿ ਸਚੁ ।।ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।।(ਅੰਗ, ੧)ਉਹ ਸੱਚ ਜੋ ਸਦੀਵੀ ਹੈ, ਕਦੀ ਬਦਲਦਾ ਨਹੀਂ, ਉਹ ਸਦਾ ਅਟੱਲ ਹੈ। ਉਹਪਹਿਲਾਂ ਵੀ ਸੱਚ ਸੀ ਹੁਣ ਵੀ ਸੱਚ ਹੈ ਅਤੇ ਭਵਿੱਖ ਵਿਚ ਵੀ ਸੱਚ ਰਹੇਗਾ। ਇਹ ਉਹ ਚਾਨ੍ਹਣ ਸੀ ਜਿਸ ਨੂੰ ਸਾਰੀ ਖਲਕਤ ਨੇ ਮੰਨਿਆ।ਗੁਰੂ ਜੀ ਨੇ ਪਰਮਾਤਮਾ ਨੂੰ ਕਿਸੇ ਖਾਸ ਜਗ੍ਹਾ 'ਤੇ ਹੀ ਬੈਠਾ ਹੋਇਆ ਨਹੀਂ, ਸਗੋਂ ਹਰ ਥਾਂ 'ਤੇ ਪ੍ਰਤੀਤ ਕੀਤਾ। ਮੱਕੇ ਵਿਖੇ ਜਾ ਕੇ ਗੁਰੂ ਜੀ ਨੇ ਪਰਮਾਤਮਾ ਨੂੰ ਕਿਸੇ ਖਾਸ ਹੀ ਜਗ੍ਹਾ 'ਤੇ ਹੋਣ ਸਬੰਧੀ ਭੁਲੇਖੇ ਦੂਰ ਕੀਤੇ ਅਤੇ ਵਿਆਖਿਆ ਕੀਤੀ ਕਿ ਪਰਮਾਤਮਾ ਕਿਸੇ ਖਾਸ ਜਗ੍ਹਾ ਜਾਂ ਕਿਸੇ ਖਾਸ ਦਿਸ਼ਾ ਵਿਚ ਨਹੀਂ, ਸਗੋਂ ਹਰ ਜਗ੍ਹਾ ਹੈ। ਇਹ ਉਹ ਅਟੱਲ ਅਤੇ ਸਦੀਵੀ ਸਚਾਈ ਹੈ, ਜਿਸ ਨੇ ਸਾਰੇ ਸੰਸਾਰ ਦੀ ਅਗਵਾਈ ਕੀਤੀ ਅਤੇ ਪਰਮਾਤਮਾ ਦੀ ਹੋਂਦ ਬਾਰੇ ਅਨੇਕਾਂ ਭੁਲੇਖਿਆਂ ਅਤੇ ਭਰਮਾਂ ਨੂੰ ਗਿਆਨ ਦੇ ਚਾਨ੍ਹਣ ਨਾਲ ਦੂਰ ਕੀਤਾ। ਇਸ ਅਟੱਲ ਅਤੇ ਸਦੀਵੀ ਸਚਾਈ ਨੇ ਉਸ ਵਕਤ ਅੰਧ-ਵਿਸ਼ਵਾਸ ਵਿਚ ਗ੍ਰਸਤ ਸਾਰੀ ਦੁਨੀਆ ਨੂੰ ਠੀਕ ਸੇਧ ਦਿੱਤੀ।ਗੁਰੂ ਜੀ ਦੀ ਰੂਹਾਨੀ ਬਿਰਤੀ ਦੀ ਪਹਿਚਾਣ ਉਨ੍ਹਾਂ ਦੇ ਬਚਪਨ ਵਿਚ ਹੀ ਕਰ ਲਈ ਗਈ ਸੀ ਜਦੋਂ ਉਨ੍ਹਾਂ ਦੀ ੭ ਸਾਲ ਦੀ ਉਮਰ ਵਿਚ ਪੰਡਿਤ ਗੋਪਾਲ ਜੀ ਕੋਲ ਪੜ੍ਹਣ ਲਈ ਭੇਜਿਆ ਤਾਂ ਪੰਡਿਤ ਜੀ, ਉਨ੍ਹਾਂ ਦੇ ਗਿਆਨ ਨਾਲ ਪ੍ਰਭਾਵਿਤ ਹੋਏ ਅਤੇ ਫਿਰ ੯ ਸਾਲ ਦੀ ਉਮਰ ਵਿਚ ਉਸ ਵਕਤ ਦੇ ਰਿਵਾਜ ਅਨੁਸਾਰ ਜਦੋਂ ਪ੍ਰੋਹਿਤ ਹਰਦਿਆਲ ਨੇ ਉਨ੍ਹਾਂ ਨੂੰ ਜਨੇਊ ਪਾਉਣ ਲਈ ਬੁਲਾਇਆ ਤਾਂ ਉਨ੍ਹਾਂ ਦਾ ਇਹ ਉੱਤਰ ਸੀ ਕਿ ਉਹ ਦਇਆ, ਸੰਤੋਖ, ਜਤ ਅਤੇ ਸਤ ਦਾ ਜਨੇਊ ਹੀ ਪਾਉਣਗੇ । ਜਿਸ ਦਾ ਅਰਥ ਸੀ ਕਿ ਉਸ ਸਿਧਾਂਤ ਨੂੰ ਅਪਣਾਉਣਾ ਚਾਹੀਦਾ ਹੈ ਜਿਸ ਵਿਚ ਦਇਆ ਅਤੇ ਸੰਤੋਖ ਵਰਗੇ ਗੁਣਾਂ ਦਾ ਜ਼ਿੰਦਗੀ ਭਰ ਨਾਲ ਨਿਭਾਉਣ ਦਾ ਪ੍ਰਣ ਕਰਨ ਦਾ ਉਦੇਸ਼ ਹੋਣਾ ਚਾਹੀਦਾ ਹੈ। ਗੁਰੂ ਜੀ ਦੇ ਸ਼ਬਦ:ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ।।ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ।। (ਅੰਗ ੪੭੧)ਇਹ ਉਸ ਆਯੂ ਵਿਚ ਇੰਨੀ ਉੱਚੀ ਰੂਹਾਨੀ ਬਿਰਤੀ ਦਾ ਪ੍ਰਤੀਕ ਸੀ, ਜਿਸ ਨੂੰ ਹਰ ਇਕ ਨੂੰ ਪ੍ਰਾਪਤ ਕਰਨ ਲਈ ਉਨ੍ਹਾਂ ਦਾ ਜ਼ਿੰਦਗੀ ਭਰ ਦਾ ਮੁੱਖ ਉਦੇਸ਼ ਰਿਹਾ ਅਤੇ ਦਇਆ ਭਾਵਨਾ ਜਿਹੜੀ ਸਭ ਧਰਮਾਂ ਦਾ ਆਧਾਰ ਹੈ ਉਸ ਦੀ ਸਿੱਖਿਆ ਦਿੱਤੀ। ਇਨਸਾਨੀਅਤ ਵਿਚ ਸਮਾਜਿਕ ਚੇਤਨਾ ਪੈਦਾ ਕਰਨ ਅਤੇ ਆਪਸ ਵਿਚ ਪ੍ਰਸਪਰ ਪਿਆਰ ਪੈਦਾ ਕਰਨ ਦੀ ਜਿੰਨੀ ਲੋੜ ਪਹਿਲਾਂ ਸੀ, ਉਨੀਂ ਹੁਣ ਹੈ ਅਤੇ ਉਹ ਹਮੇਸ਼ਾ ਰਹੇਗੀ, ਜਿਸ ਲਈ ਗੁਰੂ ਜੀ ਨੇ ਬਹੁਤ ਲੰਮਾ ਸਫ਼ਰ ਕੀਤਾ ਅਤੇ ਉਨ੍ਹਾਂ ਸਿਧਾਂਤਾਂ ਨੂੰ ਜੀਵਨ ਭਰ ਪ੍ਰਚਾਰਿਆ।ਗੁਰੂ ਜੀ ਦੇ ਜੀਵਨ-ਕਾਲ ਦੇ ਸਮੇਂ ਭਾਰਤੀ ਉਪ ਮਹਾਂਦੀਪ ਮੁੱਖ ਤੌਰ 'ਤੇ ਦੋ ਧਾਰਮਿਕ ਵਰਗਾਂ ਹਿੰਦੂ ਅਤੇ ਮੁਸਲਿਮ ਵਿਚ ਵੰਡਿਆ ਹੋਇਆ ਸੀ। ਦੋਵੇਂ ਹੀ ਆਪਣੇ ਆਪਣੇ ਰਸਤੇ ਰਾਹੀਂ ਪਰਮਾਤਮਾ ਤਕ ਪਹੁੰਚਣ ਦੀ ਪ੍ਰੋੜਤਾ ਕਰਦੇ ਸਨ। ਉਸ ਸਮੇਂ ਗੁਰੂਜੀ ਨੇ ਪ੍ਰਚਾਰ ਕੀਤਾ ਕਿ ਕਰਤਾ ਤਾਂ ਇੱਕ ਹੈ, ਉਸ ਤਕ ਪਹੁੰਚਣ ਦੇ ਰਸਤੇ ਅਨੇਕਾਂ ਹਨ। ਨਾ ਕੋਈ ਹਿੰਦੂ ਹੈ, ਨਾ ਕੋਈ ਮੁਸਲਮਾਨ ਹੈ ਸਭ ਪਰਮਾਤਮਾ ਦੀ ਉਪਜ ਹਨ।ਦੁਨੀਆ ਭਰ ਵਿਚ ਇਸ ਪ੍ਰਚਾਰ ਨੂੰ ਫ਼ੈਲਾਉਣ ਲਈ ਗੁਰੂ ਜੀ ਪੂਰਬ, ਪੱਛਮ, ਉੱਤਰ ਅਤੇ ਦੱਖਣ ਚਾਰੇ ਦਿਸ਼ਾਵਾਂ ਵਿਚ ਗਏ। ਉਹ ਪੂਰਬ ਵਿਚ ਬੰਗਲਾਦੇਸ਼, ਪੱਛਮ ਵਿਚ ਸਾਉਦੀ ਅਰਬੀਆ, ਉੱਤਰ ਵਿਚ ਤਿੱਬਤ ਅਤੇ ਦੱਖਣ ਵਿਚ ਸ੍ਰੀ ਲੰਕਾ ਵਿਖੇ ਗਏ। ਇਨ੍ਹਾਂ ਸਭ ਚਾਰਾਂ ਦਿਸ਼ਾਵਾਂ ਵਿਚ ਵੱਖ-ਵੱਖ ਧਾਰਮਿਕ ਵਿਸ਼ਵਾਸ ਸਨ, ਪਰ ਗੁਰੂ ਜੀ ਨੇ ਉਹ ਸਦੀਵੀ ਸੰਦੇਸ਼ ਕਿ ਕਰਤਾ ਤਾਂ ਇੱਕ ਹੀ ਹੈ, ਉਸ ਦਾ ਹੀ ਪ੍ਰਚਾਰ ਕੀਤਾ ਅਤੇ ਇਨ੍ਹਾਂ ਸਭ ਥਾਵਾਂ 'ਤੇ ਆਮ ਲੋਕਾਈ ਦੇ ਸੰਦੇਹ ਦੂਰ ਕੀਤੇ ਅਤੇ ਪ੍ਰਸਪਰ ਭਰਾਤਰੀ ਭਾਵ ਪੈਦਾ ਕਰਨ ਦੀ ਵੱਡੀ ਕੋਸ਼ਿਸ਼ ਕੀਤੀ। ਮੁਲਤਾਨ ਦੀ ਜਗ੍ਹਾ 'ਤੇ ਕਾਫ਼ੀ ਜ਼ਿਆਦਾ ਰੂਹਾਨੀ ਸੰਤ ਰਹਿੰਦੇ ਸਨ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਉਸ ਸ਼ਹਿਰ ਵਿਚ ਗਏ ਤਾਂ ਉਨ੍ਹਾਂ ਨੂੰ ਸੰਕੇਤ ਦੇ ਉਦੇਸ਼ ਨਾਲ ਦੁਧ ਦਾ ਭਰਿਆ ਹੋਇਆ ਕਟੋਰਾ ਦਿੱਤਾ ਗਿਆ, ਜਿਸ ਦਾ ਅਰਥ ਸੀ ਕਿ ਇਸ ਸ਼ਹਿਰ ਵਿਚ ਪਹਿਲਾਂ ਹੀ ਕਾਫ਼ੀ ਰੂਹਾਨੀ ਸੰਤ ਹਨ। ਪਰ ਗੁਰੂ ਜੀ ਨੇ ਦੁਧ ਦੇ ਕਟੋਰੇ ਵਿਚ ਇਕ ਫੁੱਲ ਰੱਖ ਦਿੱਤਾ, ਜਿਸ ਦੀ ਖੁਸ਼ਬੂ ਫੈਲਣ ਲੱਗ ਪਈ, ਜਿਸ ਦਾ ਅਰਥ ਸੀ ਕਿ ਭਾਵੇਂ ਇੱਥੇ ਕਈ ਰੂਹਾਨੀ ਸੰਤ ਹਨ, ਪਰ ਉਨ੍ਹਾਂ ਦਾ ਪ੍ਰਚਾਰ ਉਨ੍ਹਾਂ ਦੇ ਪ੍ਰਚਾਰ ਦੇ ਨਾਲ-ਨਾਲ ਉਨ੍ਹਾਂ ਦੇ ਗਿਆਨ ਵਿਚ ਹੋਰ ਵਾਧਾ ਕਰੇਗਾ।ਉਸ ਵਕਤ ਸਮਾਜ ਵਿਚ ਇਸਤਰੀ ਦੀ ਸਥਿਤੀ ਬਹੁਤ ਕਮਜ਼ੋਰ ਸੀ। ਇਸਤਰੀ ਨਾਲ ਬਹੁਤ ਮਾੜਾ ਵਿਵਹਾਰ ਕੀਤਾ ਜਾਂਦਾ ਸੀ ਅਤੇ ਉਨ੍ਹਾਂ ਨੂੰ ਮਰਦਾਂ ਦੇ ਬਰਾਬਰ ਨਾ ਹੱਕ ਸਨ ਤੇ ਨਾ ਦਰਜਾ ਦਿੱਤਾ ਜਾਂਦਾ ਸੀ । ਗੁਰੂ ਜੀ ਨੇ ਇਸ ਗੱਲ ਨੂੰ ਮਹਿਸੂਸ ਕੀਤਾ ਅਤੇ ਇਸਤਰੀ ਦੀ ਸਥਿਤੀ ਸੁਧਾਰਨ ਲਈ ਪ੍ਰਚਾਰ ਕੀਤਾ ਅਤੇ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਪਰਮਾਤਮਾ ਦੀ ਭਗਤੀ ਕਰਨ ਦੀ ਪ੍ਰੋੜ੍ਹਤਾ ਕੀਤੀ । ਗੁਰੂ ਜੀ ਅਨੁਸਾਰ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ਅਤੇ ਉਨ੍ਹਾਂ ਦੇ ਇਹ ਵਿਚਾਰ ਦੁਨੀਆ ਭਰ ਵਿਚ ਸਦੀਵੀ ਰਾਹ ਵਿਖਾਉਣ ਵਾਲੇ ਹਨ ਅਤੇ ਇਨ੍ਹਾਂ ਵਿਚਾਰਾਂ ਨੇ ਦੁਨੀਆ ਭਰ ਦੀ ਸੋਚ ਨੂੰ ਪ੍ਰਭਾਵਿਤ ਕੀਤਾ ਹੈ।ਗੁਰੂ ਜੀ ਨੇ ਮਨੁੱਖੀ ਅਧਿਕਾਰਾਂ ਲਈ ਪ੍ਰਚਾਰ ਵੀ ਕੀਤਾ ਅਤੇ ਅਮਲ ਵਿਚ ਲਿਆਉਣ ਦੇ ਯਤਨ ਕੀਤੇ। ਰੁਹੇਲ ਖੰਡ ਵਿਚ ਜਿੱਥੇ ਗ਼ਰੀਬ ਇਸਤਰੀਆਂ, ਮਰਦਾਂ, ਜਵਾਨ ਲੜਕੇ, ਲੜਕੀਆਂ ਦੀ ਗ਼ੁਲਾਮਾਂ ਦੀ ਮੰਡੀ ਲੱਗਦੀ ਸੀ, ਉੱਥੇ ਆਪ ਪਹੁੰਚ ਕੇ ਉੱਥੋਂ ਦੇ ਗ਼ੁਲਾਮਾਂ ਦੇ ਵਪਾਰੀ ਨੂੰ ਇਸ ਲਈ ਪ੍ਰਭਾਵਿਤ ਕੀਤਾ ਕਿ ਉਸ ਵੱਲੋਂ ਕਿੰਨਾ ਜ਼ੁਲਮ ਕੀਤਾ ਜਾ ਰਿਹਾ ਹੈ ਅਤੇ ਉਸ ਵਪਾਰੀ ਨੇ ਗੁਰੂ ਜੀ ਤੋਂ ਮੁਆਫ਼ੀ ਮੰਗੀ।ਉਸ ਵਕਤ ਆਮ ਵਿਅਕਤੀ ਦਾ ਸ਼ੋਸ਼ਣ ਹੋ ਰਿਹਾ ਸੀ, ਅਮੀਰ ਲੋਕ ਗ਼ਰੀਬਾਂ ਦਾ ਸ਼ੋਸ਼ਣ ਕਰ ਰਹੇ ਸਨ। ਇਸ ਸਬੰਧੀ ਚੇਤਨਾ ਪੈਦਾ ਕਰਨ ਲਈ ਗੁਰੂ ਜੀ ਨੇ ਪ੍ਰਚਾਰ ਕੀਤਾ। ਇਕ ਅਮੀਰ ਵਿਅਕਤੀ ਮਲਕ ਭਾਗੋ ਵੱਲੋਂ ਭੋਜਨ 'ਤੇ ਬੁਲਾਏ ਜਾਣ 'ਤੇ,ਉਸ ਦੇ ਘਰ ਨਾ ਜਾਣਾ ਅਤੇ ਉਨ੍ਹਾਂ ਦੇ ਮੁਕਾਬਲੇ ਭਾਈ ਲਾਲੋ, ਜੋ ਇਕ ਕਿਰਤੀ ਸੀ ਉਸ ਦੇ ਘਰ ਜਾ ਕੇ ਪਰਸ਼ਾਦਾ ਛਕਣਾ ਇਸ ਗੱਲ ਦਾ ਸੰਕੇਤ ਸੀ ਕਿ ਉਹ ਸ਼ੋਸ਼ਣ ਨੂੰ ਪ੍ਰਵਾਨ ਨਹੀਂ ਕਰ ਸਕਦੇ। ਉਨ੍ਹਾਂ ਵੱਲੋਂ ਮਲਕ ਭਾਗੋ ਦਾ ਸੱਦਾ ਇਸ ਕਰਕੇ ਅਪ੍ਰਵਾਨ ਕੀਤਾ ਕਿ ਉਸ ਵਿੱਚੋਂ ਉਨ੍ਹਾਂ ਨੂੰ ਗ਼ਰੀਬਾਂ ਦਾ ਲਹੂ ਚੂਸ ਕੇ ਆਪਣੇ ਧਨ ਵਿਚ ਵਾਧਾ ਕੀਤਾ ਨਜ਼ਰ ਆਉਂਦਾ ਸੀ, ਜਦੋਂ ਕਿ ਭਾਈ ਲਾਲੋ ਦੇ ਭੋਜਨ ਵਿਚ ਹੱਥੀਂ ਕੀਤੀ ਕਿਰਤ ਦੇ ਦੁਧ ਦੀ ਖੁਸ਼ਬੋ ਆਉਂਦੀ ਹੈ। ਉਨ੍ਹਾਂ ਅਨੁਸਾਰ :ਹਕੁ ਪਰਾਇਆ ਨਾਨਕਾ ਉਸ ਸੂਅਰ ਉਸੁ ਗਾਇ (ਅੰਗ,੧੪੧) ਕਿਸੇ ਲਈ ਵੀ, ਕਿਸੇ ਦਾ ਹੱਕ ਮਾਰ ਕੇ ਧਨ ਇਕੱਠਾ ਕਰਨਾ ਇਕ ਵੱਡੀ ਬੁਰਾਈ ਹੈ, ਜਿਸ ਦੇ ਖ਼ਿਲਾਫ ਗੁਰੂ ਜੀ ਨੇ ਪ੍ਰਚਾਰ ਕੀਤਾ ਜੋ ਇਕ ਸਦੀਵੀ ਗੁਣ ਹੈ ਜਿਹੜਾ ਹਰ ਯੁੱਗ ਵਿਚ ਲੋੜੀਂਦਾ ਹੈ।ਗੁਰੂ ਜੀ ਨੇ ਹਰ ਇਕ ਨੂੰ ਆਤਮਿਕ ਗਿਆਨ ਦੀ ਰੋਸ਼ਨੀ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੱਤੀ, ਜਿਹੜੀ ਗੁਰੂ ਦੀ ਯਾਦ ਵਿੱਚੋਂ ਮਿਲਦੀ ਹੈ ਜੋ ਸੱਚੇ ਗਿਆਨ ਦੀ ਸ਼੍ਰੇਣੀ ਨਾਲ ਸੰਬੰਧਿਤ ਹੈ ਅਤੇ ਉਹ ਕਿਵੇਂ ਹੋਵੇ ਇਸ ਸਬੰਧੀ ਗੁਰੂ ਜੀ ਨੇ ਫੁਰਮਾਇਆ: ਕਿਵ ਸਚਿਆਰਾ ਹੋਈਐ, ਕਿਵ ਕੂੜੇ ਤੁਟੇ ਪਾਲਿ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ੧) ਜਾਂ ਉਸ ਕੂੜ ਜਾਂ ਝੂਠ ਦਾ ਹਨੇਰਾ ਕਿਸ ਤਰ੍ਹਾਂ ਖਤਮ ਹੋਵੇ ਅਤੇ ਇਸ ਦਾ ਉੱਤਰ ਜਾਂ ਇਸ ਸਮੱਸਿਆ ਦਾ ਹੱਲ ਗੁਰੂ ਜੀ ਨੇ ਇਹ ਦਿੱਤਾ :ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ।। (ਅੰਗ, ੧) ਜਾਂ ਹੁਕਮ ਦੇ ਅਨੁਸਾਰ ਚੱਲਣਾ ਅਤੇ ਉਸ ਸੱਚੇ ਦੇ ਹੁਕਮ ਦੀ ਪਾਲਣਾ ਕਰਨੀ ਹੀ ਇਸ ਦਾ ਹੱਲ ਹੈ।ਬਾਬਰ ਅਫ਼ਗ਼ਾਨਿਸਤਾਨ ਦਾ ਬਾਦਸ਼ਾਹ ਸੀ, ਜਦੋਂ ਉਸ ਨੇ ਹਿੰਦੁਸਤਾਨ 'ਤੇ ਹਮਲਾ ਕੀਤਾ ਤਾਂ ਉਸ ਵਕਤ ਗੁਰੂ ਜੀ ਨੇ ਉਸ ਜ਼ਾਲਮ ਹੁਕਮਰਾਨ ਨੂੰ ਉਸ ਦੇ ਜ਼ੁਲਮ ਵਿਰੁੱਧ ਚੁਣੌਤੀ ਦਿੱਤੀ, ਭਾਵੇਂ ਕਿ ਉਨ੍ਹਾਂ ਨੂੰ ਜੇਲ੍ਹ ਵੀ ਭੁਗਤਨੀ ਪਈ। ਇਸ ਸੰਬੰਧੀਗੁਰੂ ਜੀ ਦਾ ਫੁਰਮਾਨ ਹੈ:ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ।। (ਅੰਗ, ੭੨੨) ਇਸ ਨਾਲ ਉਨ੍ਹਾਂ ਨੇ ਉਸ ਵਕਤ ਦੇ ਹਾਕਮਾਂ ਦੇ ਖ਼ਿਲਾਫ਼ ਰੋਸ ਦਾ ਪ੍ਰਗਟਾਵਾ ਕੀਤਾ ਅਤੇ ਇਹੋ ਜਿਹਾ ਸਮਾਜ ਸਿਰਜਣ ਦੀ ਕੋਸ਼ਿਸ਼ ਕੀਤੀ ਜਿਸ ਵਿਚ ਆਰਥਿਕ, ਸਮਾਜਿਕ, ਬਰਾਬਰੀ, ਇਨਸਾਫ਼, ਮਨੁੱਖੀ ਅਧਿਕਾਰ ਅਤੇ ਕਿਰਤ ਦੀ ਕਦਰ ਕਰਨ ਵਾਲਾ ਸਮਾਜ ਬਣੇ। ਗੁਰੂ ਜੀ ਨੇ ਇਹੋ ਜਿਹੇ ਸਮਾਜ ਵਿਚ ਗ਼ਰੀਬ, ਅਮੀਰ, ਉੱਚੇ ਨੀਵੇਂ, ਹਾਕਮ, ਪਰਜਾ ਸਭ ਲਈ ਸ਼ੁਭ ਅਮਲ ਕਰਨ ਦੀ ਪ੍ਰੇਰਨਾ ਕੀਤੀ। ਸ਼ੁਭ ਕਰਮ ਉਹ ਹਨ— ਜਿਸ ਵਿਚ ਕਥਨੀ ਅਤੇ ਕਰਨੀ ਇੱਕ ਹੋਏ ਸੱਚ-ਅਚਾਰ, ਸੱਚਾ ਹਿੰਦੂਅਤੇ ਸੱਚਾ ਮੁਸਲਮਾਨ ਬਣਨ ਲਈ ਸੱਚਾ ਆਚਰਨ ਹੀ ਪਹਿਲਾ ਫ਼ਰਜ਼ ਹੈ। ਗੁਰੂ ਜੀ ਨੇ ਆਪ ਸੱਚੇ ਵਿਵਹਾਰ ਲਈ ਸੱਚੇ ਸੌਦੇ ਅਤੇ ਮੋਦੀ ਖਾਨੇ ਵਿਚ ਆਪਣਾ ਵਿਵਹਾਰ ਦਰਸਾਇਆ ਅਤੇ ਸੱਚੇ ਆਚਰਨ ਦੇ ਪ੍ਰਚਾਰ ਲਈ ਦਿਨ, ਰਾਤ, ਪਹਾੜਾਂ, ਜੰਗਲਾਂ, ਬੀਆਬਾਨਾਂ, ਡਾਕੂਆਂ, ਬਾਦਸ਼ਾਹਾਂ ਦਾ ਖ਼ੌਫ਼ ਨਹੀਂ ਵੇਖਿਆ, ਨਾ ਪੀਰਾਂ ਦਾ ਲਿਹਾਜ਼ ਕੀਤਾ ਨਾ ਮੁਰੀਦਾਂ ਦੀ ਤਰਫ਼ਦਾਰੀ ਕੀਤੀ।ਹੱਥੀਂ ਕਿਰਤ ਕਰਨ ਦੀ ਮਹਾਨਤਾ ਨੂੰ ਨਾ ਸਿਰਫ਼ ਪ੍ਰਚਾਰਿਆ, ਬਲਕਿ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਆਪਣੇ ਹੱਥੀਂ ਖੇਤੀ ਕਰ ਕੇ ਜਨਤਾ ਦੇ ਸਾਹਮਣੇ ਉਦਾਹਰਨ ਪੇਸ਼ ਕੀਤੀ। ਕਿਰਤ ਕਰਨੀ, ਨਾਮ ਜਪਣਾ ਅਤੇ ਵੰਡ ਛਕਣ ਦੇ ਮੁੱਢਲੇ ਸਿਧਾਂਤਾਂ ਨੂੰ ਸਾਹਮਣੇ ਰੱਖ ਕੇ, ਉਹ ਸਦੀਵੀ ਸਿਧਾਂਤ ਜਿਹੜਾ ਹਰ ਜਗ੍ਹਾ ਅਤੇ ਹਰ ਵਕਤ ਮਹੱਤਤਾ ਰੱਖਦਾ ਹੈ, ਉਸ ਦਾ ਆਪਣੀ ਸਾਰੀ ਆਯੂ ਵਿਚ ਪ੍ਰਚਾਰ ਕੀਤਾ।ਅਖੀਰ ਵਿਚ ਗੁਰੂ ਸਾਹਿਬ ਨੇ ਭਾਈ ਲਹਿਣਾ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਵਜੋਂ ਗੁਰਿਆਈ ਦੇ ਯੋਗ ਸਮਝ ਕੇ ਆਪਣਾ ਅੰਗ ਬਣਾ ਲਿਆ ਅਤੇ ਇਸ ਤੋਂ ਪਹਿਲਾਂ ਗੁਰੂ ਜੀ ਨੇ ਭਾਈ ਲਹਿਣਾ ਜੀ ਦੀਆਂ ਪ੍ਰੀਖਿਆਵਾਂ ਕੀਤੀਆਂ ਅਤੇ ਭਾਈ ਲਹਿਣਾ ਜੀ ਹਰੇਕ ਪ੍ਰੀਖਿਆ ਵਿਚ ਪੂਰੇ ਉਤਰੇ ਅਤੇ ਉਨ੍ਹਾਂ ਨੂੰ ਯੋਗ ਵਾਰਸ ਸਮਝ ਕੇ ਨਾਨਕ ਨਿਰਮਲ ਪੰਥ ਦਾ ਉਤਰਾਧਿਕਾਰੀ ਨਿਯੁਕਤ ਕੀਤਾ ਗਿਆ।

**-ਡਾ. ਸਰਬਜੀਤ ਸਿੰਘ**

# ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਬੰਧੀ ਸੋਧੇ ਐਕਟ ’ਚੋਂ ਇਤਰਾਜ਼ਯੋਗ ਮੱਦਾਂ ਹਟਾਉਣ ਲਈ ਪੰਜਾਬ ਸਰਕਾਰ ਨੂੰ 15 ਦਿਨਾਂ ਦਾ ਦਿੱਤਾ ਸਮਾਂ




ਸ੍ਰੀ ਅੰਮ੍ਰਿਤਸਰ-ਪੰਜਾਬ ਸਰਕਾਰ ਵੱਲੋਂ ‘ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026’ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਹਿਮਤੀ ਤੋਂ ਬਗੈਰ ਪਾਸ ਕੀਤੇ ਜਾਣ ਸਬੰਧੀ ਅਤੇ ਇਸ ਕਾਨੂੰਨ ਉੱਤੇ ਸਿੱਖਾਂ ਵੱਲੋਂ ਪ੍ਰਗਟਾਏ ਜਾ ਰਹੇ ਖ਼ਦਸ਼ਿਆਂ ਤੇ ਇਤਰਾਜ਼ਾਂ ਬਾਰੇ ਵਿਚਾਰ ਕਰਨ ਲਈ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ ਅਨੁਸਾਰ ਉਨ੍ਹਾਂ ਦੇ ਸਨਮੁਖ ਪੇਸ਼ ਹੋਏ। ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਟੇਕ ਸਿੰਘ ਵੀ ਮੌਜੂਦ ਸਨ। ਇਸ ਦੌਰਾਨ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦੋਵਾਂ ਵਿਚਕਾਰ ਕਾਨੂੰਨ ਸਬੰਧੀ ਮਦ-ਦਰ-ਮਦ ਵਿਚਾਰਾਂ ਹੋਈਆਂ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਿੱਖ ਸੰਸਥਾਵਾਂ, ਪੰਥਕ ਵਿਦਵਾਨਾਂ, ਕਾਨੂੰਨੀ ਮਾਹਰਾਂ, ਸਿੰਘ ਸਭਾਵਾਂ, ਗ੍ਰੰਥੀ ਸਭਾਵਾਂ ਅਤੇ ਹੋਰ ਸਿੱਖ ਅਦਾਰਿਆਂ ਵੱਲੋਂ ਬਣਾਏ ਗਏ ਕਾਨੂੰਨ ਸਬੰਧੀ ਕੀਤਾ ਇਤਰਾਜ਼ਾਂ ਬਾਰੇ ਸਪੀਕਰ ਪਾਸੋਂ ਜਵਾਬ ਮੰਗੇ। ਵਿਚਾਰ ਉਪਰੰਤ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੂੰ ਸਪੱਸ਼ਟ ਰੂਪ ਵਿੱਚ ਕਿਹਾ ਗਿਆ ਕਿ ਸਰਕਾਰ 15 ਦਿਨਾਂ ਦੇ ਵਿੱਚ-ਵਿੱਚ ਇਸ ਐਕਟ ਵਿੱਚੋਂ ਜੋ ਮੱਦਾਂ ਸ੍ਰੀ ਗੁਰੂ ਗ੍ਰੰਥ ਸਾਹਿਬ, ਖ਼ਾਲਸਾ ਪੰਥ, ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਦੇ ਵਿਰੁੱਧ ਅਤੇ ਸਿੱਖ ਸੰਸਥਾਵਾਂ ਨਾਲ ਵਿਚਾਰ ਵਟਾਂਦਰਾ ਤੋਂ ਬਿਨਾਂ ਹੀ ਕਾਨੂੰਨ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ ਉਨ੍ਹਾਂ ਨੂੰ ਹਟਾਵੇ। ਅਜਿਹੀਆਂ ਮੱਦਾਂ ਕਰਕੇ ਇਹ ਕਾਨੂੰਨ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਖ਼ਾਲਸਾ ਪੰਥ ਨੂੰ ਪ੍ਰਵਾਨ ਨਹੀਂ ਹੈ, ਇਸ ਲਈ ਸਰਕਾਰ ਇਸ ਨੂੰ ਜਬਰੀ ਸਿੱਖਾਂ ਉੱਤੇ ਨਾ ਠੋਸੇ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਸ ਗੱਲ ਉੱਤੇ ਕੋਈ ਇਤਰਾਜ਼ ਨਹੀਂ ਹੈ ਕਿ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਮਿਲਣ। ਪਰੰਤੂ ਕਾਨੂੰਨ ਵਿੱਚ ਜੋ ਮੱਦਾਂ ਪਾਈਆਂ ਗਈਆਂ ਹਨ ਉਨ੍ਹਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰੂ ਸਾਹਿਬ ਨਾਲ ਸਬੰਧਤ ਸਿੱਖ ਭਾਵਨਾਵਾਂ, ਸਰੋਕਾਰਾਂ ਤੇ ਸਿੱਖਾਂ ਦੀ ਅੰਦਰੂਨੀ ਪ੍ਰਬੰਧਕੀ ਪ੍ਰਣਾਲੀ, ਸ਼੍ਰੋਮਣੀ ਕਮੇਟੀ, ਸਿੱਖ ਸੰਗਤਾਂ, ਗ੍ਰੰਥੀ ਸਾਹਿਬਾਨ, ਪਾਠੀ ਸਿੰਘ, ਗੁਰਦੁਆਰਾ ਕਮੇਟੀਆਂ ਆਦਿ ਸੇਵਾਦਾਰ ਧਿਰਾਂ ਨੂੰ ਕਾਨੂੰਨੀ ਦਾਇਰੇ ਵਿੱਚ ਦੋਸ਼ੀਆਂ ਦੀ ਤਰ੍ਹਾਂ ਬੰਨ੍ਹਿਆ ਗਿਆ ਹੈ ਜੋ ਕਿ ਸਿੱਖ ਮਾਮਲਿਆਂ ਵਿੱਚ ਸਿੱਧਾ ਸਰਕਾਰੀ ਦਖ਼ਲ ਹੈ। ਖ਼ਾਲਸਾ ਪੰਥ ਇਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਬੇਅਦਬੀ ਦੇ ਦੋਸ਼ੀਆਂ ਲਈ ਭਾਵੇਂ ਕਾਨੂੰਨ ਹੋਵੇ ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਸੰਗਤ ਤੇ ਸੇਵਾਦਾਰਾਂ ਉੱਤੇ ਕੋਈ ਨਹੀਂ ਹੋ ਸਕਦਾ।ਉਨ੍ਹਾਂ ਕਿਹਾ ਕਿ ਕਾਨੂੰਨ ਦੀਆਂ ਇਤਰਾਜ਼ਯੋਗ ਮੱਦਾਂ ਨਾਲ ਆਮ ਸਿੱਖਾਂ ਦੇ ਮਨਾਂ ਅੰਦਰ ਡਰ ਪੈਦਾ ਹੋਇਆ ਹੈ, ਜਿਸ ਨਾਲ ਉਹ ਸਿੱਖੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਦੂਰ ਹੋਣਗੇ, ਜੋ ਕਿ ਬਹੁਤ ਹੀ ਗੰਭੀਰ ਸਾਜ਼ਸ਼ੀ ਵਰਤਾਰਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਬੀੜਾਂ ਕਿਸ ਕੋਲ ਹਨ ਇਸ ਸਬੰਧੀ ਜਾਣਕਾਰੀ ਜਨਤਕ ਰੂਪ ਵਿੱਚ ਸ਼੍ਰੋਮਣੀ ਕਮੇਟੀ ਦੀ ਵੈੱਬਸਾਈਟ ਉੱਤੇ ਪਾਉਣਾ ਵੀ ਅਤਿ ਇਤਰਾਜ਼ਯੋਗ ਹੈ ਕਿਉਂਕਿ ਇਸ ਨਾਲ ਸ਼ਰਧਾਲੂ ਸਿੱਖਾਂ ਦੀ ਨਿੱਜੀ ਜਾਣਕਾਰੀ ਨਸ਼ਰ ਹੋਵੇਗੀ, ਜਿਸ ਦੀ ਦੁਰਵਰਤੋਂ ਸਿੱਖ ਵਿਰੋਧੀ ਸ਼ਕਤੀਆਂ ਅਤੇ ਸ਼ਰਾਰਤੀ ਅਨਸਰ ਕਰ ਸਕਦੇ ਹਨ। ਇਸ ਲਈ ਕਾਨੂੰਨ ਦੀ ਇਸ ਮੱਦ ਉੱਤੇ ਵੀ ਸਖ਼ਤ ਇਤਰਾਜ਼ ਹੈ। ਉਨ੍ਹਾਂ ਕਿਹਾ ਕਿ ਜਿੱਥੋਂ ਤੱਕ ਰਿਕਾਰਡ ਰੱਖਣ ਦੀ ਗੱਲ ਹੈ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਇਸ ਦਾ ਪਹਿਲਾਂ ਹੀ ਉਚਿਤ ਪ੍ਰਬੰਧ ਹੈ। ਜਥੇਦਾਰ ਗੜਗੱਜ ਨੇ ਸਪੀਕਰ ਸੰਧਵਾਂ ਨੂੰ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਪੰਜਾਬ ਸਰਕਾਰ ਨੂੰ ਸਿੱਖ ਕਾਨੂੰਨੀ ਮਾਹਰਾਂ ਤੇ ਜੱਜਾਂ ਦਾ ਇੱਕ ਪੈਨਲ ਦਵੇਗਾ, ਜਿਸ ਰਾਹੀਂ ਸਰਕਾਰ ਗੱਲਬਾਤ ਕਰਕੇ ਕਾਨੂੰਨ ਸਬੰਧੀ ਸਹਿਮਤੀ ਬਣਾਏ। ਉਨ੍ਹਾਂ ਕਿਹਾ ਕਿ ਜਦੋਂ ਤੱਕ ਇਸ ਮਾਮਲੇ ਉੱਤੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੀ ਸਹਿਮਤੀ ਨਹੀਂ ਦਿੰਦੇ ਉਦੋਂ ਤੱਕ ਇਸ ਕਾਨੂੰਨ ਨੂੰ ਸਿੱਖ ਤੇ ਖ਼ਾਲਸਾ ਪੰਥ ਪ੍ਰਵਾਨ ਨਹੀਂ ਕਰਨਗੇ। ਸਪੀਕਰ ਸ. ਸੰਧਵਾਂ ਨੇ ਕਿਹਾ ਕਿ ਇਹ ਸੂਬਾ ਸਰਕਾਰ ਨਾਲ ਸਬੰਧਤ ਮਾਮਲਾ ਹੈ ਇਸ ਲਈ ਉਹ ਸਰਕਾਰ ਨਾਲ ਗੱਲਬਾਤ ਕਰਨਗੇ। ਜਥੇਦਾਰ ਗੜਗੱਜ ਨੇ ਕਿਹਾ ਕਿ ਜੇਕਰ ਸਰਕਾਰ 15 ਦਿਨਾਂ ਵਿੱਚ ਸੋਧੇ ਗਏ ਕਾਨੂੰਨ ਵਿੱਚੋਂ ਸਿੱਖਾਂ ਭਾਵਨਾਵਾਂ ਵਿਰੁੱਧ ਪਾਈਆਂ ਗਈਆਂ ਮੱਦਾਂ ਨੂੰ ਨਹੀਂ ਹਟਾਉਂਦੀ ਤਾਂ ਇਸ ਮਾਮਲੇ ਉੱਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਕਰਕੇ ਸਖ਼ਤ ਕਾਰਵਾਈ ਕੀਤੀ ਜਾਵੇਗੀ।ਸਪੀਕਰ ਸੰਧਵਾਂ ਨੂੰ ਜਥੇਦਾਰ ਗੜਗੱਜ ਦੇ ਆਦੇਸ਼ ਅਨੁਸਾਰ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਪਬਲੀਕੇਸ਼ਨ ਵਿਭਾਗ ਦੇ ਕੰਮਕਾਜ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਇਹ ਵੀ ਦਿਖਾਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਬੰਧੀ ਰਿਕਾਰਡ ਕਿਵੇਂ ਰੱਖਿਆ ਜਾਂਦਾ ਹੈ। ਇਕੱਤਰਤਾ ਤੋਂ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਰਕਾਰ ਵੱਲੋਂ 11 ਅਪ੍ਰੈਲ ਦੀ ਰਾਤ ਨੂੰ ਐਕਟ ਵਿੱਚ ਸੋਧ ਦਾ ਮਸੌਦਾ ਤਿਆਰ ਕੀਤਾ ਗਿਆ ਅਤੇ ਸਿਰਫ਼ ਦੋ ਦਿਨਾਂ ਵਿੱਚ ਹੀ 13 ਅਪ੍ਰੈਲ ਨੂੰ ਸੋਧ ਪਾਸ ਕਰ ਦਿੱਤੀ ਗਈ। ਉਨ੍ਹਾਂ ਕਿਹਾ ਕਿ ਪੰਜਾਬ ਇੱਕ ਪੰਜਾਬੀ ਸੂਬਾ ਹੈ ਜਿੱਥੇ ਸਰਕਾਰ ਦੀ ਇਹ ਜ਼ਿੰਮੇਵਾਰੀ ਸੀ ਕਿ ਇਸ ਕਾਨੂੰਨੀ ਸੋਧ ਦਾ ਮਸੌਦਾ ਪਹਿਲੇ ਦਿਨ ਤੋਂ ਹੀ ਪੰਜਾਬੀ ਭਾਸ਼ਾ ਵਿੱਚ ਤਿਆਰ ਕਰਕੇ ਜਨਤਕ ਕੀਤਾ ਜਾਂਦਾ ਪਰੰਤੂ ਅੱਜ ਤੱਕ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਨੇ ਕੋਈ ਵੀ ਮਸੌਦਾ ਜਨਤਕ ਰੂਪ ਵਿੱਚ ਜਾਰੀ ਨਹੀਂ ਕੀਤਾ ਅਤੇ ਲੁਕਵੇਂ ਢੰਗ ਨਾਲ ਬਿਨਾਂ ਕਿਸੇ ਵਿਚਾਰ ਚਰਚਾ, ਸਿੱਖ ਸੰਗਤਾਂ ਤੇ ਸੰਸਥਾਵਾਂ ਦੇ ਇਤਰਾਜ਼ ਲਏ ਬਿਨਾਂ ਹੀ ਕਾਨੂੰਨੀ ਸੋਧ ਪਾਸ ਕਰ ਦਿੱਤੀ। ਸਰਕਾਰ ਨੇ ਨਾ ਕੋਈ ਖਰੜਾ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭੇਜਿਆ ਤੇ ਨਾ ਹੀ ਸ਼੍ਰੋਮਣੀ ਕਮੇਟੀ ਨੂੰ ਦਿੱਤਾ।ਉਨ੍ਹਾਂ ਕਿਹਾ ਕਿ ਜਦੋਂ ਕਾਨੂੰਨ ਦੇ ਸਬੰਧ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੂੰ ਵਿਚਾਰ ਲਈ ਸੱਦਿਆ ਸੀ ਤਾਂ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਨੂੰ ਇਸ ਮਾਮਲੇ ਉੱਤੇ ਸਿਆਸੀ ਲਾਹਾ ਲੈਣ ਦੀ ਮਨਸ਼ਾ ਨਾਲ ਕੱਢੀ ਜਾ ਰਹੀ ਯਾਤਰਾ ਰੋਕ ਦੇਣੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਅਜਿਹੀ ਹੰਕਾਰ ਯਾਤਰਾ ਕੱਢਣੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਿੱਧੀ ਚੁਣੌਤੀ ਹੈ।ਜਥੇਦਾਰ ਗੜਗੱਜ ਨੇ ਕਿਹਾ ਕਿ ‘ਬੀੜ’ ਸ਼ਬਦ ਸਿੱਖ ਰਵਾਇਤ ਅਤੇ ਰਹਿਤ ਮਰਯਾਦਾ ਵਿੱਚ ਪੁਰਾਤਨ ਸਮੇਂ ਤੋਂ ਹੀ ਪ੍ਰਚਲਿਤ ਹੈ, ਕਾਨੂੰਨ ਵਿੱਚ ਸੋਧ ਕਰਕੇ ਬੀੜ ਸ਼ਬਦ ਨੂੰ ਹਟਾਉਣਾ ਵੀ ਸਰਕਾਰ ਦੀ ਸਿੱਖ ਰਵਾਇਤਾਂ ਪ੍ਰਤੀ ਗ਼ੈਰ ਸੰਜੀਦਾ ਪਹੁੰਚ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕਿ ‘ਸਰੂਪ’ ਸ਼ਬਦ ਵੀ ਸਤਿਕਾਰਤ ਹੈ ਪਰੰਤੂ ਸਿੱਖ ਸ਼ਬਦਾਵਲੀ ਸਰਕਾਰ ਨਹੀਂ ਖ਼ਾਲਸਾ ਪੰਥ ਤੈਅ ਕਰੇਗਾ।ਉਨ੍ਹਾਂ ਕਿਹਾ ਕਿ ਸਰਕਾਰ ਦੀ ਇਹ ਜ਼ਿੰਮੇਵਾਰੀ ਹੈ ਕਿ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਵੇ। ਉਨ੍ਹਾਂ ਸਾਲ 2015 ਦੇ ਬੇਅਦਬੀ ਨਾਲ ਸਬੰਧਤ ਮਾਮਲਿਆਂ ਵਿੱਚ ਮੌਜੂਦਾ ਪੰਜਾਬ ਸਰਕਾਰ ਦੀ ਦੋਸ਼ੀਆਂ ਨੂੰ ਬਚਾਉਣ ਵਾਲੀ ਕਾਰਗੁਜ਼ਾਰੀ ਦੀ ਤਿੱਖੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਪੱਸ਼ਟ ਕਰੇ ਕਿ ਬੇਅਦਬੀ ਦੇ ਇਨ੍ਹਾਂ ਕੇਸਾਂ ਨੂੰ ਪੰਜਾਬ ਤੋਂ ਬਾਹਰ ਤਬਦੀਲ ਹੋਣ ਤੋਂ ਰੋਕਣ ਲਈ ਸਰਕਾਰ ਨੇ ਕੀ ਕੀਤਾ ਅਤੇ ਇਨ੍ਹਾਂ ਕੇਸਾਂ ਵਿੱਚ ਮੁੱਖ ਦੋਸ਼ੀ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਜ਼ਾ ਕਿਉਂ ਨਹੀਂ ਦਿੱਤੀ ਗਈ। ਉਨ੍ਹਾਂ ਸਰਕਾਰ ਨੂੰ 2017 ਮੌੜ ਬੰਬ ਧਮਾਕੇ ਦੇ ਦੋਸ਼ੀਆਂ ਨੂੰ ਸਜ਼ਾ ਦੇ ਕੇ ਪੀੜਤ ਪਰਿਵਾਰਾਂ ਨਾਲ ਇਨਸਾਫ਼ ਕਰਨ ਨੂੰ ਵੀ ਕਿਹਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇੰਚਾਰਜ ਸ. ਬਗੀਚਾ ਸਿੰਘ, ਸਪੀਕਰ ਸੰਧਵਾਂ ਦੇ ਓਐਸਡੀ ਸ. ਮਨਿੰਦਰ ਸਿੰਘ, ਸ. ਜਸਕਰਨ ਸਿੰਘ ਲੇਖਕ ਆਦਿ ਹਾਜ਼ਰ ਸਨ।

# ਅਮਰ ਸ਼ਹੀਦ ਭਾਈ ਫੌਜਾ ਸਿੰਘ ਦੀ ‘ਖ਼ਾਲਸਾ ਵਹੀਰ’ ਤੋਂ ‘ਸਫਰ-ਏ-ਸ਼ਹਾਦਤ’ ਤੱਕ



— ਗਿਆਨੀ ਹਰਪਾਲ ਸਿੰਘ ਦੀਆਂ ਪੰਥਕ ਸੇਵਾਵਾਂ ਦਾ ਪੈਂਡਾਛੋਟੇ ਸਾਹਿਬਜ਼ਾਦਿਆਂ ਦੇ ਪਵਿੱਤਰ ਸ਼ਹੀਦੀ ਅਸਥਾਨ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਹਰਪਾਲ ਸਿੰਘ ਸੇਵਾਮੁਕਤ ਹੋ ਗਏ ਹਨ। ਉਨ੍ਹਾਂ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਦਰ ਸਮਰਪਿਤ, ਮਿਸਾਲੀ ਅਤੇ ਯਾਦਗਾਰੀ ਪੰਥਕ ਸੇਵਾਵਾਂ ਨਿਭਾਈਆਂ ਹਨ। ਉਹ 1993 ਵਿਚ ਸ਼੍ਰੋਮਣੀ ਕਮੇਟੀ ਵਿਚ ਬਤੌਰ ਪ੍ਰਚਾਰਕ ਭਰਤੀ ਹੋਏ ਅਤੇ 2005 ਵਿਚ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਮੁੱਖ ਗ੍ਰੰਥੀ ਵਜੋਂ ਨਿਯੁਕਤ ਹੋਏ ਸਨ।ਗੁਰਦਾਸਪੁਰ ਜ਼ਿਲ੍ਹੇ ਦੇ ਸਰਹੱਦੀ ਪਿੰਡ ਚੂਹੜਚੱਕ ਵਿਚ ਮਾਤਾ ਹਰਬੰਸ ਕੌਰ ਦੀ ਕੁੱਖੋਂ ਪਿਤਾ ਸ. ਨਿਰਮਲ ਸਿੰਘ ਦੇ ਘਰ ਜਨਮੇ ਗਿਆਨੀ ਹਰਪਾਲ ਸਿੰਘ ਨੇ ਬਚਪਨ ਦੇ 8 ਸਾਲ ਦੀ ਉਮਰ ਵਿਚ ਹੀ ਗੁਰਸਿੱਖੀ ਧਾਰਨ ਕਰ ਲਈ ਸੀ। ਉਨ੍ਹਾਂ ਦੇ ਆਤਮਿਕ ਅਤੇ ਪੰਥਕ ਜੀਵਨ ਦੇ ਪ੍ਰੇਰਨਾ-ਸਰੋਤ ਅਮਰ ਸ਼ਹੀਦ ਭਾਈ ਫੌਜਾ ਸਿੰਘ ਸਨ, ਜੋ ਇਨ੍ਹਾਂ ਦੀ ਨੇੜਲੀ ਰਿਸ਼ਤੇਦਾਰੀ ਵਿਚੋਂ ਸਨ। ਭਾਈ ਫੌਜਾ ਸਿੰਘ ਗੁਰਦਾਸਪੁਰ ਵਿਚ ਰਾਵੀ ਦਰਿਆ ਤੋਂ ਪਾਰ ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਮੰਡ ਖੇਤਰ ਵਿਖੇ ਆਪਣੇ ‘ਖ਼ਾਲਸਾ ਫਾਰਮ’ ਵਿਚ ਰਹਿੰਦੇ ਹੋਏ ਗੁਰਮਤਿ ਪ੍ਰਚਾਰ ਲਈ ਸਰਗਰਮ ਸਨ। ਉਨ੍ਹਾਂ ਸਮਿਆਂ ਦੌਰਾਨ ਸਰਹੱਦੀ ਤੇ ਰਾਵੀ ਪਾਰਲੇ ਖੇਤਰ ਵਿਚ ਆਵਾਜਾਈ ਦੇ ਸਾਧਨ ਬਿਲਕੁਲ ਨਹੀਂ ਸਨ। ਭਾਈ ਫੌਜਾ ਸਿੰਘ ਝੋਟਿਆਂ ਉੱਤੇ ਰੇਹੜੀਆਂ ਜੋੜ ਕੇ ਪਿੰਡੋ-ਪਿੰਡੀ ਗੁਰਮਤਿ ਦੇ ਪ੍ਰਚਾਰ ਲਈ ਕੀਰਤਨ ਕਰਦਿਆਂ ‘ਖ਼ਾਲਸਾ ਵਹੀਰ’ ਕੱਢਦੇ। ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਗਿਆਨੀ ਹਰਪਾਲ ਸਿੰਘ ਦੇ ਚਾਚਾ ਸ. ਅਜੀਤ ਸਿੰਘ ਅੰਮ੍ਰਿਤਧਾਰੀ ਸਜ ਗਏ। ਇਕ ਦਿਨ ਸ. ਅਜੀਤ ਸਿੰਘ ਆਪਣੇ ਭਤੀਜੇ ਹਰਪਾਲ ਸਿੰਘ ਨੂੰ ਵੀ ਆਪਣੇ ਨਾਲ ‘ਖ਼ਾਲਸਾ ਵਹੀਰ’ ਵਿਚ ਲੈ ਗਏ, ਜਿੱਥੋਂ ਹਰਪਾਲ ਸਿੰਘ ਵੀ ਖੰਡੇ ਦੀ ਪਾਹੁਲ ਛਕ ਕੇ ਵਾਪਸ ਘਰ ਆਏ। ਭਾਈ ਫੌਜਾ ਸਿੰਘ ਦੇ ਅਦੁੱਤੀ ਸਿੱਖੀ ਜਜ਼ਬੇ ਅਤੇ ਤਿਆਗਮਈ ਜੀਵਨ ਨੇ ਬਾਲ ਹਰਪਾਲ ਸਿੰਘ ਦੇ ਮਨ ਉੱਤੇ ਡੂੰਘਾ ਅਸਰ ਕੀਤਾ। ਵਿਸਾਖੀ 1978 ਦੇ ਨਿਰੰਕਾਰੀ ਸਾਕੇ ਦੌਰਾਨ ਭਾਈ ਫੌਜਾ ਸਿੰਘ ਸਮੇਤ 13 ਸਿੰਘਾਂ ਦੀ ਸ਼ਹਾਦਤ ਨੇ ਇਨ੍ਹਾਂ ਦੀ ਚੇਤਨਾ ਨੂੰ ਡੂੰਘਾ ਝੰਜੋੜਿਆ ਅਤੇ ਗੁਰਮਤਿ ਪ੍ਰਚਾਰ ਦੇ ਗਾਡੀਰਾਹ ‘ਤੇ ਚੱਲਣ ਦੀ ਪ੍ਰੇਰਨਾ ਬਖ਼ਸ਼ੀ।ਸੰਨ 1991 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੀਵਨ, ਆਚਾਰ ਅਤੇ ਵਿੱਦਿਆ ਵਿਚ ਨਿਪੁੰਨ ਗੁਰਮਤਿ ਦੇ ਪ੍ਰਚਾਰਕ ਤਿਆਰ ਕਰਨ ਲਈ ਗੁਰੂ ਕਾਂਸ਼ੀ ਗੁਰਮਤਿ ਇੰਸਟੀਚਿਊਟ ਤਲਵੰਡੀ ਸਾਬੋ (ਦਮਦਮਾ ਸਾਹਿਬ) ਖੋਲ੍ਹਿਆ ਤਾਂ ਪਹਿਲੇ ਹੀ ਬੈਚ ਦੌਰਾਨ ਗਿਆਨੀ ਹਰਪਾਲ ਸਿੰਘ ਨੇ ਉੱਥੇ ਗੁਰਮਤਿ ਪ੍ਰਚਾਰਕ ਦੀ ਸਿਖਲਾਈ ਲਈ ਦਾਖ਼ਲਾ ਲੈ ਲਿਆ। ਸਾਲ 1993 ਵਿਚ ਅਵੱਲ ਦਰਜੇ ਨਾਲ ਸਿਖਲਾਈ ਪੂਰੀ ਕਰਨ ਉਪਰੰਤ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਨੂੰ ਤੁਰੰਤ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਹੀ ਪ੍ਰਚਾਰਕ ਵਜੋਂ ਨਿਯੁਕਤ ਕਰ ਲਿਆ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਕੇਵਲ ਸਿੰਘ ਦੀ ਰਹਿਨੁਮਾਈ ਹੇਠ ਇਨ੍ਹਾਂ ਨੇ ਪਿੰਡੋ-ਪਿੰਡੀ ਗੁਰਮਤਿ ਪ੍ਰਚਾਰ ਕਰਦਿਆਂ ਇਕ ਪ੍ਰਭਾਵਸ਼ਾਲੀ ਕਥਾਵਾਚਕ ਅਤੇ ਪੰਥਕ ਰਹਿਣੀ ਵਿਚ ਪ੍ਰਪੱਕ ਧਾਰਮਿਕ ਆਗੂ ਵਜੋਂ ਆਪਣੀ ਪਛਾਣ ਬਣਾਈ।ਗਿਆਨੀ ਹਰਪਾਲ ਸਿੰਘ ਦਾ ਅਨੰਦ ਕਾਰਜ 1 ਦਸੰਬਰ 1998 ਨੂੰ ਕਾਹਨੂੰਵਾਨ (ਗੁਰਦਾਸਪੁਰ) ਨੇੜੇ ਬੇਟ ਦੇ ਪਿੰਡ ਘੋੜੇਵਾਹ ਦੇ ਟਕਸਾਲੀ ਗੁਰਸਿੱਖ ਪਰਿਵਾਰ ਵਿਚ ਭਾਈ ਕੇਹਰ ਸਿੰਘ ਦੀ ਧੀ ਬੀਬੀ ਤੇਜਿੰਦਰ ਕੌਰ ਨਾਲ ਹੋਇਆ, ਜਿਨ੍ਹਾਂ ਦੇ ਪਰਿਵਾਰ ਉੱਤੇ ਸੰਤ ਗਿਆਨੀ ਕਰਤਾਤਾਰ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਸੰਗਤ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥੇ ਦੀ ਪਰੰਪਰਾ ਦਾ ਗਹਿਰਾ ਪ੍ਰਭਾਵ ਸੀ।ਸਾਲ 2005 ਵਿਚ ਸ਼੍ਰੋਮਣੀ ਕਮੇਟੀ ਨੇ ਗਿਆਨੀ ਹਰਪਾਲ ਸਿੰਘ ਦੀਆਂ ਪੰਥਕ ਸੇਵਾਵਾਂ ਨੂੰ ਵੇਖਦਿਆਂ ਉਨ੍ਹਾਂ ਨੂੰ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ (ਸਰਹਿੰਦ) ਦਾ ਮੁੱਖ ਗ੍ਰੰਥੀ ਨਿਯੁਕਤ ਕਰ ਦਿੱਤਾ। ਇੱਥੇ ਸੇਵਾ ਕਰਦਿਆਂ ਇਨ੍ਹਾਂ ਨੇ ਛੋਟੇ ਸਾਹਿਬਜ਼ਾਦੇ; ਧੰਨ ਧੰਨ ਬਾਬਾ ਜ਼ੋਰਾਵਰ ਸਿੰਘ ਜੀ, ਧੰਨ ਧੰਨ ਬਾਬਾ ਫਤਹਿ ਸਿੰਘ ਜੀ ਅਤੇ ਧੰਨ ਧੰਨ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਆਮ ਸਿੱਖ ਜਨ-ਮਾਨਸ ਦੀ ਜੀਵੰਤ ਚੇਤਨਾ ਵਿਚ ਵਸਾਉਣ ਦੇ ਕਾਰਜਾਂ ਵਿਚ ਵੱਡਾ ਯੋਗਦਾਨ ਪਾਇਆ। ਇਨ੍ਹਾਂ ਦਿਨਾਂ ਦੌਰਾਨ ਹੀ ਗਿਆਨੀ ਪਿੰਦਰਪਾਲ ਸਿੰਘ ਅਤੇ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਨੇ ਚਮਕੌਰ ਸਾਹਿਬ, ਮਾਛੀਵਾੜਾ ਸਾਹਿਬ ਅਤੇ ਫਤਹਿਗੜ੍ਹ ਸਾਹਿਬ ਵਿਖੇ ਸ਼ਹੀਦੀ ਸਭਾ ਦੌਰਾਨ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਉਣ ਦੀ ਸ਼ੁਰੂਆਤ ਕੀਤੀ ਹੋਈ ਸੀ।

ਸਾਲ 2013 ਵਿਚ ਗਿਆਨੀ ਹਰਪਾਲ ਸਿੰਘ ਨੇ ਇਸੇ ਦਿਸ਼ਾ ਵਿਚ ਉਤਸ਼ਾਹੀ ਉਪਰਾਲਾ ਕਰਦਿਆਂ ਸਰਸਾ ਨਦੀ ਕੰਢੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਵਿਛੋੜੇ ਤੋਂ ਬਾਅਦ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਸਰਹਿੰਦ ਤੱਕ ਦੇ ਇਤਿਹਾਸਕ ਸਫਰ ਦੀਆਂ ਪੈੜਾਂ ਨੂੰ ਆਮ ਸਿੱਖਾਂ ਦੇ ਅਵਚੇਤਨ ਮਨ ਦੀ ਯਾਦ ਦਾ ਹਿੱਸਾ ਬਣਾਉਣ ਲਈ ‘ਸਫਰ-ਏ-ਸ਼ਹਾਦਤ’ ਦੀ ਆਰੰਭਤਾ ਕੀਤੀ। ਕੁਝ ਹੀ ਸਾਲਾਂ ਵਿਚ ਇਸ ਪਹਿਲਕਦਮੀ ਨੂੰ ਏਨਾ ਹੁੰਗਾਰਾ ਮਿਲਿਆ ਕਿ ਦੇਸ਼-ਵਿਦੇਸ਼ ਵਿਚ ਵੀ ਸੰਗਤਾਂ ‘ਸਫਰ-ਏ-ਸ਼ਹਾਦਤ’ ਸਮਾਗਮ ਉਲੀਕ ਕੇ ਗਿਆਨੀ ਹਰਪਾਲ ਸਿੰਘ ਨੂੰ ਬੁਲਾਉਣ ਲੱਗੀਆਂ। ਧਰਮ ਪ੍ਰਚਾਰ ਵਿਚ ਇਨ੍ਹਾਂ ਦੀਆਂ ਸਮਰਪਿਤ ਸੇਵਾਵਾਂ ਨੂੰ ਵੇਖਦਿਆਂ 21 ਮਈ 2025 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗਿਆਨੀ ਹਰਪਾਲ ਸਿੰਘ ਨੂੰ ‘ਭਾਈ ਸਾਹਿਬ’ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਗਿਆਨੀ ਹਰਪਾਲ ਸਿੰਘ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਸੇਵਾਵਾਂ ਤੋਂ ਸੇਵਾਮੁਕਤ ਹੋਣ ਦੇ ਸਬੰਧ ਵਿਚ, ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ 8 ਮਈ, ਦਿਨ ਸ਼ੁੱਕਰਵਾਰ ਨੂੰ ਸ਼ਾਮ 7.30 ਵਜੇ ਤੋਂ 10.30 ਵਜੇ ਤੱਕ ‘ਗੁਰਮਤਿ ਅਸੀਸ ਸਮਾਗਮ’ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਕਥਾਵਾਚਕ ਅਤੇ ਧਾਰਮਿਕ ਸ਼ਖ਼ਸੀਅਤਾਂ ਪਹੁੰਚ ਕੇ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਨਾਲ ਨਿਹਾਲ ਕਰਨਗੀਆਂ।

**-ਤਲਵਿੰਦਰ ਸਿੰਘ ਬੁੱਟਰ (ਪੱਤਰਕਾਰ)**



# ਕਰਤਾਰਪੁਰ ਸਾਹਿਬ ਦੀ ਇਤਿਹਾਸਿਕ ਮਹੱਤਤਾ

ਭਾਰਤ ਦੇਸ਼ ੧੯੪੭ ਈ. ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ। ਪਾਕਿਸਤਾਨ ਵਿਚ ਰਹਿ ਰਹੇ ਸਿੱਖ ਤੇ ਹਿੰਦੂ ਆਪਣੀਆਂ ਕੀਮਤੀ ਜਾਇਦਾਦਾਂ ਪਾਕਿਸਤਾਨ ਛੱਡ ਕੇ ਭਾਰਤ ਵੱਲ ਤੁਰ ਪਏ। ਸਿੱਖ ਆਪਣੇ ਪ੍ਰਾਣਾਂ ਨਾਲੋਂ ਵੱਧ ਪਿਆਰੇ ਇਤਿਹਾਸਿਕ ਅਤੇ ਧਾਰਮਿਕ ਅਸਥਾਨਾਂ ਨੂੰ ਛੱਡ ਭਾਰਤ ਵਿਚ ਆ ਵੱਸੇ। ਪਾਕਿਸਤਾਨ ਵਿਚ ਸਿੱਖਾਂ ਦੇ ਸੈਂਕੜੇ ਧਾਰਮਿਕ ਅਤੇ ਇਤਿਹਾਸਿਕ ਸਥਾਨ ਹਨ। ਕਰਤਾਰਪੁਰ ਸਾਹਿਬ ਦਾ ਗੁਰਦੁਆਰਾ ਉਨ੍ਹਾਂ ਵਿੱਚੋਂ ਇਕ ਹੈ। ਖਾਲਸਾ-ਪੰਥ ਪਿਛਲੇ ੭੧ ਸਾਲਾਂ ਤੋਂ ਹਰ ਸਮੇਂ ਅਰਦਾਸ ਕਰਦਾ ਹੋਇਆ ਵਾਹਿਗੁਰੂ ਅੱਗੇ ਜੋਦੜੀ ਕਰਦਾ ਹੈ ਕਿ:-"ਹੇ ਅਕਾਲ ਪੁਰਖ ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ! ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁੱਲ੍ਹੇ ਦਰਸ਼ਨ-ਦੀਦਾਰ ਤੇ ਸੇਵਾ-ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖਸ਼ੋ। "ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਦੇਸ਼ ਦੀ ਅਜ਼ਾਦੀ ਦੀ ਖੁਸ਼ੀ ਵਿਚ ਗੁਰੂ-ਪੰਥ ਦੇ ਉੱਜਲ ਭਵਿੱਖ ਨੂੰ ਮੁੱਖ ਰੱਖ ਕੇ ਨਵੰਬਰ ੧੯੪੮ ਈ. ਦੀ ਦੀਪਮਾਲਾ ਸਮੇਂ ਇਕ ਹੁਕਮਨਾਮਾ ਜਾਰੀ ਹੋਇਆ ਸੀ:"ਅੰਮ੍ਰਿਤਸਰ ਦੀਪਮਾਲਾ ਦੇ ਵਾਰਸ਼ਿਕ ਇਕੱਠ ਉੱਤੇ ਦੂਰ-ਨੇੜੇ ਤੋਂ ਆਈ ਸਿੱਖ ਸੰਗਤ ਦੀ ਸੇਵਾ ਵਿਚ ਸ੍ਰੀ ਅਕਾਲ ਤਖਤ ਸਾਹਿਬ ਵੱਲੋਂਸੰਦੇਸ਼:ਸਾਡਾ ਭਾਰਤ ਬਦੇਸ਼ੀ ਗੁਲਾਮੀ ਤੋਂ ਅਜ਼ਾਦ ਹੋ ਚੁੱਕਾ ਹੈ ਤੇ ਅਜ਼ਾਦੀ ਦੀ ਭੇਟਾ ਸਿੱਖ ਸੰਗਤ ਨੇ ਬਹੁਤ ਦਿੱਤੀ ਹੈ। ਅਜ਼ਾਦ ਭਾਰਤ ਵਿਚ ਅਸਾਂ ਪੰਥ ਨੂੰ ਚੜ੍ਹਦੀਆਂ ਕਲਾਂ ਵਿਚ ਰੱਖਣਾ ਹੈ ਅਤੇ ਦੇਸ਼ ਨੂੰ ਤਰੱਕੀ ਦੇ ਸਿਖ਼ਰ ਉੱਤੇ ਪਹੁੰਚਾਉਣਾ ਹੈ। ਇਸ ਲਈ ਸਿੱਖ ਸੰਗਤ ਨੂੰ ਅਗਲੇ ਸਾਲ ਹੇਠ ਲਿਖੀਆਂ ਗੱਲਾਂ ਵੱਲ ਖ਼ਾਸ ਧਿਆਨ ਦੇਣਾ ਚਾਹੀਦਾ ਹੈ:-੧. ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਿਆਂ ਤੇ ਮਾਸੂਮ ਹਿੰਦੀ ਭੈਣਾਂ ਦੀ ਅਜ਼ਾਦੀ ਲਈ ਅਕਾਲ ਪੁਰਖ ਅੱਗੇ ਅਰਦਾਸ ਕਰਨੀ।੨. ਪਾਕਿਸਤਾਨ ਵਿਚ ਘਰ-ਘਾਟ ਲੁਟਾ ਆਏ ਭਰਾਵਾਂ ਦੇ ਮੁੜ ਵਸਾਉਣ ਲਈ ਉੱਦਮ ਤੇ ਸਹਾਇਤਾ ਕਰਨੀ।੩. ਦੇਸ਼ ਦੀ ਰੱਖਿਆ ਲਈ ਫੌਜੀ ਸਿੱਖਿਆ ਲੈਣੀ।੪. ਸ਼ਰਾਬ-ਮੀਟ ਦਾ ਤਿਆਗ ਕਰਨਾ। "ਉਸ ਸਮੇਂ ਤੋਂ ਸਿੱਖ ਸੰਗਤਾਂ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ-ਦੀਦਾਰੇ ਲਈ ਅਰਦਾਸੇ ਕਰਦੀਆਂ ਆ ਰਹੀਆਂ ਹਨ। ਉਸ ਸਮੇਂ ਜਥੇਦਾਰ ਮੋਹਨ ਸਿੰਘ ਨਾਗੋਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਨ।ਕਰਤਾਰਪੁਰ ਦਾ ਅਸਥਾਨ ਵੀ ਉਨ੍ਹਾਂ ਵਿੱਚੋਂ ਹੈ; ਜਿਸ ਨਾਲੋਂ ਪੰਥ ਨੂੰ ਵਿਛੋੜਿਆ ਗਿਆ ਹੈ। ਸ੍ਰੀ ਗੁਰੂ ਨਾਨਕ ਸਾਹਿਬ ਨੇ ਪਹਿਲੀ ਉਦਾਸੀ ਤੋਂ ਬਾਅਦ ਹੀ ਦੇਖ ਲਿਆ ਸੀ ਕਿ ਜੋ ਕੁਝ ਉਹ ਲੋਕਾਂ ਨੂੰ ਪ੍ਰਚਾਰ ਆਏ ਹਨ, ਉਸ ਦਾ ਪ੍ਰਤੱਖ ਪ੍ਰਮਾਣ ਦੇਣ ਲਈ ਕੋਈ ਨਾ ਕੋਈ ਥਾਂ ਕਾਇਮ ਕਰਨਾ ਜ਼ਰੂਰੀ ਹੈ। ਤਲਵੰਡੀ ਇਕ ਪਾਸੇ ਸੀ, ਗੁਰੂ ਜੀ ਨੇ ਰਾਵੀ, ਚਨਾਬ ਤੇ ਪਹਾੜੀ ਇਲਾਕੇ ਦੇ ਨੇੜੇ ਕੋਈ ਥਾਂ ਚੁਣਨ ਲਈ ਸੋਚਿਆ। ਉਸ ਸਮੇਂ ਬਾਬਰ ਐਮਨਾਬਾਦ ਤੋਂ ਵਾਪਸ ਚਲਾ ਗਿਆ ਸੀ, ਪਰ ਉਸ ਦਾ ਹਮਲਾ ਕੋਈ ਆਖਰੀ ਹਮਲਾ ਨਹੀਂ ਸੀ। ਜਰਨੈਲੀ ਸੜਕ ਦੇ ਨੇੜੇ ਕਿਸੇ ਸਥਾਨ ਦਾ ਨਿਰਮਾਣ ਕਰਨਾ ਉਸ ਜੁਗ-ਗਰਦੀ ਜ਼ਮਾਨੇ ਵਿਚ ਉੱਚਿਤ ਨਹੀਂ ਸੀ। ਕਰਤਾਰਪੁਰ ਦਾ ਸਾਰਾ ਇਲਾਕਾ ਦੱਬਿਆ ਹੋਇਆ ਅਤੇ ਪਛੜਿਆ ਹੋਇਆ ਸੀ । ਜਿਸ ਥਾਂ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਨੇ ਚੁਣਿਆ, ਉਹ ਕਲਾਨੌਰ ਦੇ ਪਰਗਨੇ ਵਿਚ ਪੈਂਦਾ ਸੀ।ਸ੍ਰੀ ਗੁਰੂ ਨਾਨਕ ਸਾਹਿਬ ਜੀ ਦੁਨੀ ਚੰਦ ਨੂੰ ਸੁਮਾਰਗ ਪਾ ਕੇ ਲਾਹੌਰ ਤੋਂ ਰਾਵੀ ਦੇ ਖੱਬੇ ਕਿਨਾਰੇ ਦੇ ਨਾਲ-ਨਾਲ ਚੱਲਦੇ ਹੋਏ 'ਪੱਖੋ ਕੇ ਰੰਧਾਵੇ' ਪਹੁੰਚ ਕੇ ਪਿੰਡ ਤੋਂ ਬਾਹਰ ਇਕ ਬੋਹੜ ਹੇਠਾਂ ਬੈਠ ਗਏ। ਅੱਜਕਲ੍ਹ ਜੋ ਡੇਰਾ ਬਾਬਾ ਨਾਨਕ ਕਸਬਾ ਹੈ, ਇਸ ਦੇ ਬਿਲਕੁਲ ਨਾਲ ਹੀ ਪਿੰਡ ਪੱਖੋਕੇ ਹੈ, ਜਿੱਥੋਂ ਦਾ ਮਸ਼ਹੂਰ ਸਿੱਖ ਅਜਿੱਤਾ ਰੰਧਾਵਾ ਹੋਇਆ ਹੈ। ਜਿਸ ਕੋਲ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਆਇਆ ਕਰਦੇ ਸਨ। ਇੱਥੋਂ ੧੨ ਕਿਲੋਮੀਟਰ ਦੂਰ ਕਲਾਨੌਰ ਹੈ, ਜਿੱਥੇ ਅਕਬਰ ਬਾਦਸ਼ਾਹ ਦੀ ਤਾਜਪੋਸ਼ੀ ਹੋਈ ਸੀ। ਪੱਖੋ ਕੇ ਰੰਧਾਵੇ ਪਿੰਡ ਗੁਰੂ ਜੀ ਦਾ ਸਹੁਰਾ ਮੂਲਾ ਚੋਣਾ ਪਟਵਾਰੀ ਰਹਿੰਦਾ ਸੀ ਅਤੇ ਇਸ ਸਮੇਂ ਮਾਤਾ ਸੁਲੱਖਣੀ ਜੀ ਤੇ ਦੋਵੇਂ ਸਾਹਿਬਜ਼ਾਦੇ ਵੀ ਇੱਥੇ ਹੀ ਰਹਿੰਦੇ ਸਨ। ਜਦ ਮੂਲੇ ਚੋਣੇ ਨੂੰ ਪਤਾ ਲੱਗਿਆ ਕਿ ਗੁਰੂ ਨਾਨਕ ਪਾਤਸ਼ਾਹ ਜੀ ਬਾਹਰ ਬੋਹੜ ਹੇਠਾਂ ਫ਼ਕੀਰੀ ਭੇਸ ਵਿਚ ਬੈਠੇ ਹੋਏ ਹਨ, ਤਾਂ ਉਹ ਪਿੰਡ ਦੇ ਚੌਧਰੀ ਅਜਿੱਤੇ ਰੰਧਾਵੇ ਨੂੰ ਨਾਲ ਲੈ ਕੇ ਗੁਰੂ ਜੀ ਪਾਸ ਆਏ ਅਤੇ ਬਹੁਤ ਵੱਧ-ਘੱਟ ਗੱਲਾਂ ਕੀਤੀਆਂ। ਪਰ ਕੁਝ ਦਿਨ੍ਹਾਂ ਬਾਅਦ ਗੁਰੂ ਸਾਹਿਬ ਨੇ ਕਰਤਾਰਪੁਰ ਵਸਾਉਣ ਦਾ ਵਿਚਾਰ ਭਾਈ ਅਜਿੱਤੇ ਰੰਧਾਵੇ ਨੂੰ ਦੱਸਿਆ। ਉਹ ਨਾ ਸਿਰਫ ਖੁਸ਼ ਹੋਇਆ, ਸਗੋਂ ਸਾਰੇ ਪਿੰਡਾਂ ਕੋਲੋਂ ਜ਼ਮੀਨ ਵੀ ਲੈ ਦਿੱਤੀ। ਭਾਈ ਅਜਿਤੇ ਰੰਧਾਵੇ ਨੇ ਗੁਰੂ ਜੀ ਦੇ ਨਿਵਾਸ ਵਾਸਤੇ ਛੇਤੀ ਹੀ ਕੋਠੇ ਪਾ ਦਿੱਤੇ। ਇਤਿਹਾਸ ਵਿਚ ਜ਼ਿਕਰ ਹੈ ਕਿ ੧੩ ਮਾਘ ਸੰਮਤ ੧੫੭੨ ਨੂੰ ਮੋੜੀ ਗੱਡੀ, ਇਸ ਤਰ੍ਹਾਂ ਇਹ ਜਨਵਰੀ ਦੀ ੯ ਤਾਰੀਖ ਸੰਨ ੧੫੧੬ ਈ. ਬਣਦਾ ਹੈ।ਇਕ ਵਾਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਅਤੇ ਭਾਈ ਮਰਦਾਨਾ ਜੀ ਕੀਰਤਨ ਕਰਨ ਵਿਚ ਮਗਨ ਸਨ ਅਤੇ ਇਹ ਕੀਰਤਨ ਸੁਣ ਕੇ ਉਸ ਸਥਾਨ 'ਤੇ ਦੁਨੀ ਚੰਦ ਨਾਂਅ ਦੇ ਵਿਅਕਤੀ ਦੀ ਪਤਨੀ ਮੀਤੋ ਆਈ ਤੇ ਉਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਬੇਹੱਦ ਪ੍ਰਭਾਵਿਤ ਹੋਈ। ਉਸ ਨੇ ਇਸ ਸੰਬੰਧੀ ਆਪਣੇ ਪਤੀ ਦੁਨੀ ਚੰਦ ਨਾਲ ਗੁਰੂ ਨਾਨਕ ਸਾਹਿਬ ਜੀ ਦੀ ਇਸ ਇਲਾਕੇ ਵਿਚ ਆਮਦ ਬਾਰੇ ਗੱਲ ਕੀਤੀ। 'ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ' ਵਿਚ ਜ਼ਿਕਰ ਹੈ ਕਿ :"ਜੇ ਕੋਈ ਸੁਨੈ ਸੋ ਸਭੁ ਆਵੈ। ਲੋਕੁ ਆਖਣ, 'ਕੋਈ ਖੁਦਾਇ ਦਾ ਫਕੀਰ ਪੈਦਾ ਹੋਇਆ ਹੈ। ਨਾਨਕ ਨਾਉ ਹੈ ਅਤੇ ਆਪਣੇ ਖੁਦਾਇ ਨਾਲ ਰੱਤਾ ਹੈ।' ਲੋਕ ਬਹੁਤੁ ਜੁੜਿ ਆਏ। ਜੋ ਆਵੈ ਸੋ ਪਰਚ ਜਾਵੈ ਅਤੇ ਮੁਰੀਦ ਭੀ ਹੋਵਨੁ। ਜੋ ਬਾਬਾ ਸਲੋਕੁ ਕਹਿੰਦਾ ਸਾ ਸੋ ਪਰਗਟ ਹੋਏ। ਏਹੁ ਸਲੋਕੁ ਫਕੀਰ ਦਾਨਿਆਂ ਨਾਲ ਗਾਂਵਦੇ ਸੇ:ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ।।ਤਬ ਬਹੁਤੁ ਉਸਤਤੁ ਹੋਈ, ਜੋ ਕੋਈ ਹਿੰਦੂ, ਮੁਸਲਮਾਨ ਆਵੈ-ਜੋਗੀ, ਸੰਨਿਆਸੀ, ਬ੍ਰਹਮੁਚਾਰੀ, ਤਪੀਏ, ਤਪੀਸਰੁ, ਦਿਗੰਬਰ, ਬੈਸਨੋ, ਉਦਾਸੀ, ਗ੍ਰਿਹਸਤੀ, ਬੈਰਾਗੀ, ਖਾਨ ਖਵੀਨ, ਉਮਰਾਉ, ਕਰੋੜੀਏ, ਭੂਮੀਏ ਜੋ ਕੋਈ ਆਵੈ ਸੋ ਤਰ ਜਾਇ। ਸਭੁ ਲੋਕੁ ਉਸਤਤੁ ਕਰਨ। ਜਿੱਥੇ ਬਾਬਾ ਰਹਿੰਦਾ ਸੀ ਉਸ ਗਿਰਾਉਂ ਪਾਸ ਇਕ ਕਰੋੜੀਆ ਰਹਿੰਦਾ ਸੀ। ਉਨੁ ਕਹਿਆ, ਜੋ, "ਏਹੁ ਕਉਨ ਹੈ, ਜੁ ਸਭ ਇਸ ਦਾ ਨਾਉ ਲੈਂਦੇ ਹੈਨ? ਹਿੰਦੂ ਤਾਂ ਖਰਾਬ ਕੀਏ ਥੇ, ਪਰ ਮੁਸਲਮਾਨਾਂ ਭੀ ਈਮਾਨ ਖੋਇਆ। ਕਿਆ ਈਮਾਨੁ ਹੈ ਮੁਸਲਮਾਨਾ ਕਾ, ਜੋ ਇਸ ਉਪਰ ਈਮਾਨ ਰਖਦੇ ਹੈਨ, ਪਰ ਚਲੋ ਬੰਨਿ ਲੈ ਆਵੀਐ।"ਲਾਹੌਰ ਦਾ ਰਹਿਣ ਵਾਲਾ ਇਕ ਖੱਤਰੀ ਦੁਨੀ ਚੰਦ ਕਲਾਨੌਰ ਪਰਗਨੇ ਦਾ ਹਾਕਮ ਸੀ।

ਉਹ ਕਰੋੜੀ ਮੱਲ ਦੇ ਨਾਮ ਨਾਲ ਮਸ਼ਹੂਰ ਸੀ। ਕਰੋੜੀ ਮੱਲ ਗੁਰੂ ਸਾਹਿਬ ਜੀ ਨਾਲ ਈਰਖਾ ਕਰਨ ਲੱਗ ਪਿਆ। ਇਕ ਦਿਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਗ੍ਰਿਫ਼ਤਾਰ ਕਰਨ ਦੇ ਮਕਸਦ ਨਾਲ ਜਦੋਂ ਰਵਾਨਾ ਹੋਇਆ ਤਾਂ ਘੋੜੇ ਦੀ ਰਕਾਬ ਤੋਂ ਪੈਰ ਤਿਲਕਣ ਕਾਰਨ ਡਿੱਗ ਪਿਆ ਤੇ ਬੇਇੱਜ਼ਤ ਹੋਇਆ। ਅਗਲੇ ਦਿਨ ਫਿਰ ਜਦੋਂ ਦੁਬਾਰਾ ਚੜ੍ਹਿਆ ਤਾਂ ਰਸਤੇ ਵਿਚ ਦਿਸਣਾ ਬੰਦ ਹੋ ਗਿਆ। ਫਿਰ ਜਦ ਹੰਕਾਰ ਖ਼ਤਮ ਹੋ ਗਿਆ ਤਾਂ ਨਿਮਾਣਾ ਬਣ ਕੇ ਨੰਗੇ ਪੈਰੀਂ ਗੁਰੂ ਸਾਹਿਬ ਜੀ ਦੀ ਸ਼ਰਨ ਗਿਆ ਅਤੇ ਦਰਸ਼ਨ ਕਰ ਕੇ ਸ਼ਰਧਾਲੂ ਬਣ ਗਿਆ। ਪਿੰਡ ਦਾ ਪਟਾ ਲਿਖਾ ਕੇ ਉਸ ਨੇ ਆਪਸੂਬੇ ਤੋਂ ਤਸਦੀਕ ਕਰਵਾ ਲਿਆਂਦਾ। ਕਰੋੜੀ ਮੱਲ ਨੇ ਧਰਮਸ਼ਾਲਾ ਵੀ ਬਣਵਾਈ। ਕਰੋੜੀ ਮੱਲ ਦੀ ਔਲਾਦ ਵਿੱਚੋਂ ਹੀ ਭਗਤ ਰਾਮ ਹੋਇਆ ਹੈ ਜੋ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਬਖ਼ਸ਼ੀ ਸੀ।ਕਰਤਾਰਪੁਰ ਵੱਸਣ ਸਮੇਂ ਜਦ ਕਟੱੜ ਖਿਆਲਾਂ ਦੇ ਮੁਸਲਮਾਨਾਂ ਨੇ ਰੋਲਾ ਪਾਇਆ ਸੀ ਤਾਂ ਕਰੋੜੀ ਮੱਲ ਸਭ ਤੋਂ ਮੂਹਰੇ ਸੀ। ਮੁਫ਼ਤੀ ਅਲੀ ਉਦ ਦੀਨ ਨੇ 'ਇਬਰਤ ਨਾਮਾ' ਭਾਗ ਤੀਜੇ ਵਿਚ ਲਿਖਿਆ ਹੈ ਕਿ "ਕਰੋੜੀ ਮੱਲ ਇਹ ਆਖੀ ਫਿਰਦਾ ਸੀ ਕਿ ਇਹ ਅਜ਼ੀਬ ਮਹਾਂਪੁਰਸ਼ ਹੈ ਜਿਸ ਨੇ ਕਿ ਹਿੰਦੂ-ਮੁਸਲਮਾਨ ਦੋਹਾਂ ਦੇ ਧਰਮਾਂ ਵਿਚ ਹਲਚਲ ਮਚਾ ਦਿੱਤਾ ਹੈ। ਕੱਢ ਦਿਓ ਇਸ ਨੂੰ ਇੱਥੋਂ। " ਪਰ ਫਿਰ ਗੁਰੂ ਜੀ ਦੀ ਅਜ਼ਮਤ ਦੇਖ ਕੇ ਗੁਰੂ ਪਾਤਸ਼ਾਹ ਦਾ ਹੀ ਹੋ ਗਿਆ।ਕਰਤਾਰਪੁਰ ਦੇ ਵੱਸਣ ਨਾਲ ਹੀ ਤਲਵੰਡੀ ਦੀ ਬਹੁਤੀ ਵੱਸੋਂ ਕਰਤਾਰਪੁਰ ਆ ਗਈ। ਉੱਥੇ ਧਰਮਸ਼ਾਲਾ ਦੇ ਬਣ ਜਾਣ ਕਾਰਨ ਆਏ-ਗਏ ਨੂੰ ਠਹਿਰਨਾ ਕੋਈ ਔਖਾ ਨਹੀਂ ਸੀ। ਹਰ ਰੋਜ਼ ਕੀਰਤਨ ਹੁੰਦਾ। ਸਵੇਰ ਸਮੇਂ ਜਪੁਜੀ ਦਾ ਪਾਠ ਹੁੰਦਾ, ਦਿਨ ਦੇ ਸਮੇਂ ਕੀਰਤਨ ਅਤੇ ਸ਼ਾਮ ਨੂੰ ਸੋਦਰ ਤੇ ਆਰਤੀ ਗਾਈ ਜਾਂਦੀ।ਮੁਨਸ਼ੀ ਸੋਹਣ ਲਾਲ ਦਾ ਕਹਿਣਾ ਹੈ ਕਿ ਆਤਮਿਕ ਸ਼ਾਂਤੀ ਲਈ ਹਰ ਸ਼ਹਿਰ ਤੇ ਹਰ ਪ੍ਰਾਂਤ ਦੇ ਲੋਕ ਆਪ ਜੀ ਦੀ ਸੇਵਾ ਵਿਚ ਹਾਜ਼ਰ ਹੁੰਦੇ ਤੇ ਖੁਸ਼ੀਆਂ ਪ੍ਰਾਪਤ ਕਰਦੇ। ਆਪ ਜੀ ਦੇ ਦੀਦਾਰ ਸਦਕਾ ਉਨ੍ਹਾਂ ਦੀਆਂ ਅੱਖਾਂ ਵਿਚ ਜਲਵਾ ਤੇ ਨੂਰਾਨੀ ਚਮਕ ਆ ਜਾਂਦੀ।ਇਸ ਅਸਥਾਨ 'ਤੇ ਗੁਰੂ ਸਾਹਿਬ ਦੀਆਂ ਸਰਗਰਮੀਆਂ ਬਾਰੇ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀਆਂ ਦੋ ਪਉੜੀਆਂ ੩੮ ਅਤੇ ੪੫ ਵਿਚ ਇਸ ਤਰ੍ਹਾਂ ਰੋਸ਼ਨੀ ਪਾਈ ਹੈ:-

ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।
ਪਹਿਰ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।...
ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।
ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।
ਗੁਰਮੁਖਿ ਭਾਰਿ ਅਥਰਬਣਿ ਭਾਰਾ।।੩੮।।
ਜਾਰਤਿ ਕਰਿ ਮੁਲਤਾਨ ਦੀ ਫਿਰਿ ਕਰਤਾਰਿਪੁਰੇ ਨੋ ਆਇਆ।
ਚੜ੍ਹੇ ਸਵਾਈ ਦਿਹਿ ਦਿਹੀ ਕਲਿਜੁਗਿ ਨਾਨਕ ਨਾਮੁ ਧਿਆਇਆ।।
ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।।
ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ।

ਕਰਤਾਰਪੁਰ ਆ ਕੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਪੀਰਾਂ-ਫਕੀਰਾਂ ਵਾਲੇ ਕੱਪੜੇ ਲਾਹ ਦਿੱਤੇ ਤੇ ਆਮ ਸੰਸਾਰੀ ਲੋਕਾਂ ਵਾਲੇ ਕੱਪੜੇ ਪਾ ਲਏ, ਪਰ ਆਪਣੀਆਂ ਉਦਾਸੀਆਂ (ਪ੍ਰਚਾਰ ਫੇਰੀਆਂ) ਪੂਰੀਆਂ ਕਰਨ ਤੋਂ ਬਾਅਦ ਹੀ ਗੁਰੂ ਜੀ ਪੱਕੇ ਤੌਰ 'ਤੇ ਕਰਤਾਰਪੁਰ ਰਹਿਣ ਲੱਗੇ ਸੀ। ਸੋਢੀ ਮਿਹਰਬਾਨ ਵਾਲੀ ਸਾਖੀ ਮੁਤਾਬਕ ਸਵੇਰੇ-ਸ਼ਾਮ ਕੀਰਤਨ ਹੁੰਦੇ, ਬਾਣੀਆਂ ਪੜ੍ਹੀਆਂ ਜਾਂਦੀਆਂ ਸਨ।ਕਰਤਾਰਪੁਰ ਸਾਹਿਬ ਸਿੱਖੀ ਦਾ ਸਭ ਤੋਂ ਪਹਿਲਾ ਸਥਾਨ ਹੈ; ਜੋ ਪਾਕਿਸਤਾਨ ਦੀ ਸਰਹੱਦ ਅੰਦਰ ਰਾਵੀ ਦਰਿਆ ਕੰਢੇ ਮੌਜੂਦ ਹੈ। ਇੱਥੇ ਸ੍ਰੀ ਗੁਰੂ ਨਾਨਕ ਸਾਹਿਬ ਜੀ ੧੮ ਸਾਲ ਰਹੇ ਤੇ ਸੱਚ ਦੇ ਧਰਮ ਦਾ ਉਪਦੇਸ਼ ਦਿੱਤਾ। ਕਰਤਾਰਪੁਰ ਵੱਸਣ ਤੋਂ ਬਾਅਦ ਰੋਜ਼ਾਨਾ ਬਹੁਤ ਸਾਰੀ ਸੰਗਤ ਪਹੁੰਚਦੀ ਤੇ ਦਰਸ਼ਨ-ਦੀਦਾਰੇ ਕਰਦੀ। ਸੰਗਤ ਗੁਰੂ ਜੀ ਦੇ ਕੋਲ ਰਹਿ ਕੇ ਮਨ ਦੇ ਸ਼ੰਕੇ ਦੂਰ ਕਰਦੀ। ਭਾਈ ਗੁਰਦਾਸ ਜੀ ਨੇ ਵੀਹ ਸਿੱਖਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੇ ਜੀਵਨ-ਪਦਵੀ ਪਾਈ । ਉਨ੍ਹਾਂ ਵਿਚ— ਭਾਈ ਤਾਰੂ ਜੀ, ਭਾਈ ਮੂਲਾ ਕੀੜ, ਭਾਈ ਪ੍ਰਿਥਾ, ਭਾਈ ਪੇਡਾ, ਭਾਈ ਰਾਮਾ ਡਿਡੀ, ਭਾਈ ਦੋਲਤ ਖਾਨ, ਭਾਈ ਮਾਲੋ, ਭਾਈ ਮਾਂਗਾ ਜੀ, ਭਾਈ ਕਾਲੂ ਖੱਤਰੀ, ਭਾਈ ਭਗਤਾ ਜਾਪੂ, ਭਾਈ ਵੰਸੀ, ਭਾਈ ਸੀਹਾਂ, ਭਾਈ ਗੱਜਣ ਉੱਪਲ, ਭਾਈ ਭਗੀਰਥ, ਭਾਈ ਅਜਿੱਤਾ, ਬਾਬਾ ਬੁੱਢਾ ਜੀ, ਭਾਈ ਪਿਰਾਣਾ ਜੀ ਅਤੇ ਭਾਈ ਜੋਧ ਜੀ ਦਾ ਨਾਮ ਆਉਂਦਾ ਹੈ। ਭਾਈ ਗੁਰਦਾਸ ਜੀ ਨੇ ਇਸ ਸੂਚੀ ਰਾਹੀਂ ਦੱਸਿਆ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਕੋਲ ਹਰੇਕ-ਜਾਤ, ਹਰੇਕ-ਪਾਤ, ਹਰੇਕ-ਦੇਸ਼, ਹਰੇਕ-ਧਰਮ ਹਰੇਕ-ਪ੍ਰਕਾਰ ਦੇ ਲੋਕ ਆਉਂਦੇ ਅਤੇ ਉਪਦੇਸ਼ ਪ੍ਰਾਪਤ ਕਰ ਕੇ ਆਪਣਾ ਜੀਵਨ ਸੁਆਰਦੇ। ਮੁਹਸਨ ਫਾਨੀ ਨੇ ਇਸੇ ਲਈ 'ਦਾਬਿਸਤਾਨ-ਏ-ਮਜਾਹਿਬ ਵਿਚ ਲਿਖਿਆ ਹੈ ਕਿ "ਜੋ ਨਾਨਕ ਦੇ ਰਾਹ ਤੁਰ ਪੈਂਦੇ ਸਨ ਉਨ੍ਹਾਂ ਨੂੰ 'ਕਰਤਾਰੀ' ਕਿਹਾ ਜਾਂਦਾ ਸੀ। ਮੰਨਣ ਵਾਲੇ ਇਕ ਕਰਤਾਰ ਵਾਹਿਗੁਰੂ ਦੇ ਉਪਾਸ਼ਕ ਹੁੰਦੇ ਸਨ ਅਤੇ ਕਰਤਾਰ ਦੀ ਮਰਯਾਦਾ ਹੀ ਆਪਣੇ ਨਗਰਾਂ ਤੇ ਜੀਵਨ ਵਿਚ ਨਿਭਾਉਂਦੇ ਸਨ।ਕਰਤਾਰਪੁਰ ਦੀ ਮਰਯਾਦਾ ਸਮਝਣੀ ਕੋਈ ਸੌਖਾ ਕੰਮ ਨਹੀਂ ਸੀ। ਕਈ ਕਰਤਾਰਪੁਰ ਆਉਂਦੇ ਗੁਰੂ ਜੀ ਨੂੰ ਖੇਤਾਂ ਵਿਚ ਹੱਲ ਵਾਹੁੰਦਿਆਂ ਦੇਖ ਕੇ ਵਾਪਸ ਚਲੇ ਜਾਂਦੇ । ਕੋਈ ਗੁਰੂ ਜੀ ਨੂੰ ਗ੍ਰਿਹਸਥੀ ਦੇਖ ਨੱਕ ਚਿੜਾਉਂਦੇ। ਇਕ ਵਾਰ ਇਕ ਸਾਧੂਆਂ ਦੀ ਮੰਡਲੀ ਆਈ ਤੇ ਉਨ੍ਹਾਂ ਨੇ ਗੁਰੂ ਜੀ ਦੇ ਮਿੱਟੀ ਵਿਚ ਲਿੱਬੜੇ ਹੱਥ 'ਤੇ ਸੇਵਕਾਂ ਨੂੰ ਲੱਕੜਾਂ ਪਾੜਦੇ ਤੇ ਲੰਗਰ ਤਿਆਰ ਕਰਦੇ ਦੇਖ ਕਿਹਾ, "ਗੁਰੂ ਨਾਨਕ ਤੁਸੀਂ ਤਾਂ ਸਾਨ੍ਹ (ਜਾਨਵਰ) ਪਾਲ ਰੱਖੇ ਹਨ। ਗੁਰੂ ਜੀ ਨੇ ਉੱਤਰ ਦੇਣ ਦੀ ਥਾਂ ਉਸ ਟੋਲੀ ਦੇ ਮੁਖੀ ਨੂੰ ਕੁਝ ਦਿਨ ਹੋਰ ਟਿਕਣ ਲਈ ਕਿਹਾ ਅਤੇ ਜਦ ਉਹ ਕੁਝ ਦਿਨਾਂ ਬਾਅਦ ਵਾਪਸ ਜਾਣ ਲੱਗੇ ਤਾਂ ਉਸ ਟੋਲੀ ਦੇ ਮੁਖੀ ਨੇ ਕਿਹਾ, "ਨਾਨਕ ਜੀ, ਤੁਸੀਂ ਤਾਂ ਇਨਸਾਨ ਪਾਲ ਰੱਖੇ ਹਨ।" ਮਹਾਰਾਜ ਨੇ ਕੁਝ ਦਿਨ ਹੋਰ ਰਹਿਣ ਲਈ ਕਿਹਾ। ਜਦੋਂ ਫਿਰ ਜਾਣ ਲੱਗੇ ਤਾਂ ਉਨ੍ਹਾਂ ਨੇ ਕਿਹਾ ਕਿ "ਗੁਰੂ ਨਾਨਕ ਜੀ ਤੁਸੀਂ ਤਾਂ ਦੇਵਤੇ ਪਾਲ ਰੱਖੇ ਹਨ। " ਮਹਾਰਾਜ ਨੇ ਕੁਝ ਦਿਨ ਹੋਰ ਟਿਕਣ ਲਈ ਕਿਹਾ।


ਜਦ ਉਹ ਅੰਤਿਮ ਵਿਦਾਇਗੀ ਲੈਣ ਲੱਗੇ ਤਾਂ ਸਾਰੇ ਗੁਰੂ ਪਾਤਸ਼ਾਹ ਦੇ ਚਰਨਾਂ 'ਤੇ ਝੁਕ ਗਏ ਤੇ ਇਕ ਜ਼ਬਾਨ ਨਾਲ ਬੋਲ ਉੱਠੇ ਕਿ-"ਮਹਾਰਾਜ ਤੁਸੀਂ ਤਾਂ ਪਰਮਾਤਮਾ ਦੇ ਰੂਪ ਪਾਲੇ ਹੋਏ ਹਨ। " ਭਾਈ ਵੀਰ ਸਿੰਘ ਜੀ ਨੇ ਲਿਖਿਆ ਕਿ- "ਗੁਰੂ ਨਾਨਕ ਜਗਤ ਵਿਚ ਆਇਆ ਅਸੀਂ ਪਸ਼ੂ ਸਾਂ ਸਾਨੂੰ ਆਦਮੀ ਬਣਾਇਆ।" ਫਿਰ ਆਦਮੀ ਤੋਂ ਸਾਨੂੰਦੇਵਤਾ ਬਣਾ ਦਿੱਤਾ। ਸਾਡਾ ਹੁਣ ਧਰਮ ਇਹ ਹੈ ਕਿ ਧਰਮ ਦੀ ਕਿਰਤ ਕਰੀਏ, ਨਾਮ ਜਪੀਏ ਅਤੇ ਵੰਡ ਛਕੀਏ। "ਸ੍ਰੀ ਗੁਰੂ ਨਾਨਕ ਸਾਹਿਬ ਨੇ ਕਰਤਾਰਪੁਰ ਦੀ ਧਰਤੀ 'ਤੇ ਇਨਕਲਾਬ ਲਿਆਂਦਾ ਜਦੋਂ ਪੁੱਤਰਾਂ ਨੂੰ ਛੱਡ ਭਾਈ ਲਹਿਣਾ ਜੀ ਨੂੰ ਗੁਰਿਆਈ ਬਖ਼ਸ਼ੀ। ਇਸੇ ਧਰਤੀ 'ਤੇ ਗੁਰੂ ਨਾਨਕ ਪਾਤਸ਼ਾਹ ੨੨ ਸਤੰਬਰ, ੧੫੩੯ ਈ. ਨੂੰ ਜੋਤੀ ਜੋਤ ਸਮਾਏ।ਰਾਬਰਟ ਐਨ: ਕਸਟ ਲਿਖਦਾ ਹੈ ਕਿ-"ਸੰਸਾਰ ਵਿਚ ਕਿਧਰੇ ਇਹ ਨਹੀਂਦੇਖਿਆ ਜਾ ਸਕਦਾ ਕਿ ਇੱਕੋ ਪੁਰਸ਼ ਦਾ ਮਕਬਰਾ ਤੇ ਸਮਾਧ ਬਣੀ ਹੋਵੇ ਤੇ ਇਹ ਦੀਵਾਰ ਸਾਂਝੀ ਹੋਵੇ।" ਗੁਰੂ ਜੀ ਨੂੰ ਸ਼ਾਇਦ ਇਹ ਨਹੀਂ ਸੀ ਭਾਂਵਦਾ ਕਿ ਉਨ੍ਹਾਂ ਦੀ ਸਮਾਧ ਜਾਂ ਮਕਬਰਾ ਬਣੇ। ਕਈ ਯਤਨ ਹੋਏ ਕਿ ਸਮਾਧ ਜਾਂ ਨਿਸ਼ਾਨੀ ਬਣ ਜਾਵੇ, ਪਰ ਰਾਵੀ ਨੇ ਪੇਸ਼ ਨਾ ਜਾਣ ਦਿੱਤੀ । ਰਾਵੀ ਗੁਰੂ ਜੀ ਦਾ ਸੰਦੇਸ਼ ਅਠਾਰ੍ਹਾਂ ਸਾਲ ਸੁਣਦੀ ਰਹੀ, ਉਹ ਝੂਠੀਆਂ ਨਿਸ਼ਾਨੀਆਂ ਕਿਵੇਂ ਕਾਇਮ ਰਹਿਣ ਦਿੰਦੀ।

ਮਰਾਠੀ ਵਿਦਵਾਨ ਮਹੀਪਤ ਨੇ ਭਗਤ ਲੀਲਾਮ੍ਰਿਤ ਵਿਚ ਲਿਖਿਆ ਹੈ ਕਿ "ਗੁਰੂ ਨਾਨਕ ਨੂਰ ਸੀ।ਕਰਤਾਰਪੁਰ ਸਾਹਿਬ ਗੁਰਦੁਆਰਾ ਦੀ ਸੇਵਾ-ਸੰਭਾਲ ਲਈ ੩੭੫ ਰੁਪਏ ਸਾਲਾਨਾ ਜਾਗੀਰ ਤੇ ੭੦ ਘੁਮਾਉਂ ਜ਼ਮੀਨ ਸਿੱਖ ਰਾਜ ਸਮੇਂ ਲਗਾਈ ਗਈ ਤੇ ਇਸ ਦਾ ਸਾਰਾ ਪ੍ਰਬੰਧ ਇਕ ਉਦਾਸੀ ਸਾਧੂ ਦੇ ਸਪੁਰਦ ਕੀਤਾ ਗਿਆ। ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦੇ ਨਾਲ ਜਿੱਥੇ ਗੁਰੂ ਨਾਨਕ ਨਾਮ-ਲੇਵਾ ਸੰਗਤ ਕਰਤਾਰਪੁਰ ਸਾਹਿਬ ਦੇ ਦਰਸ਼ਨ-ਦੀਦਾਰ ਕਰ ਸਕੇਗੀ, ਉੱਥੇ ਗੁਰੂ ਨਾਨਕ ਪਾਤਸ਼ਾਹ ਦਾ ਸੰਦੇਸ਼ ਹੀ ਦੋਨਾਂ ਦੇਸ਼ਾਂ ਵਿਚ ਸ਼ਾਂਤੀ ਲਿਆਉਣ ਵਿਚ ਸਹਾਈ ਹੋ ਸਕੇਗਾ।

**ਸ. ਹਰਵਿੰਦਰ ਸਿੰਘ ਖਾਲਸਾ'**

KHALSA AKHBAAR PRESENTS

ਖ਼ਾਲਸਾ ਅਖ਼ਬਾਰ




# NANAKSHAHI 558

NANAKSHAHI 558 | KHALSA SAMMAT 327-28 | BIKRAMI 2082-83

## ਨਾਨਕਸ਼ਾਹੀ ਸੰਮਤ ੫੫੮


# SCAN HERE

FOR ALL SIKH CALENDAR DATES

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।




## ਇੱਕ ਕੋਸ਼ਿਸ਼

ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

ਪੁਰਖਿਆਂ ਦੀ ਪੈੜ 'ਚ ਪੈਰ ਧਰਦਾ
'ਖ਼ਾਲਸਾ ਅਖ਼ਬਾਰ'

ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !

+44 74913 74913
www.khalsaakhbaar.com
editor@khalsaakhbaar.com
@khalsaakhbaar

